
# ਕੋਹਕਾਫ਼ ਦਾ ਕੈਦੀ

## ਲਿਓ ਤਾਲਸਤਾਏ



ਅਨੁਵਾਦ - ਇੰਦਰ

ਜਨਚੇਤਨਾ



Kohekaaf da kaidi by Leo Tolstoy in Punjabi
ISBN 978-81-971976-7-3

ਪਹਿਲਾ ਪੰਜਾਬੀ ਐਡੀਸ਼ਨ — ਅਪ੍ਰੈਲ 2010
ਹਥਲੀ ਛਾਪ — ਅਪ੍ਰੈਲ 2024

ਪ੍ਰਕਾਸ਼ਕ : ਜਨਚੇਤਨਾ
ਪਤਾ — ਦੁਕਾਨ ਨੰਬਰ 8, ਪੰਜਾਬੀ ਭਵਨ, ਲੁਧਿਆਣਾ-141001
ਫੋਨ ਨੰ. 098155-87807.
ਈਮੇਲ : janchetnapb@gmail.com

ਸਰਵਰਕ ਤੇ ਰੇਖਾਚਿੱਤਰ - ਰਾਮ ਬਾਬੂ
ਟਾਈਪ ਸੈਟਿੰਗ - ਜਨਚੇਤਨਾ
ਛਾਪਕ : ਅੱਪੂ ਆਰਟ ਪ੍ਰੈਸ, ਜਲੰਧਰ

ਕੀਮਤ : 30 ਰੁਪਏ

## ਪੁਸਤਕ ਅਤੇ ਉਹਦੇ ਲੇਖਕ ਬਾਰੇ

19ਵੀਂ ਸਦੀ ਵਿੱਚ ਸਮੁੱਚਾ ਰੂਸ ਅਨਿਆਂ ਤੇ ਬਦਹਾਲੀ ਦੇ ਹਨ੍ਹੇਰੇ ਵਿੱਚ ਡਿੱਗਾ ਹੋਇਆ ਸੀ। ਲੋਕਾਂ ਲਈ ਇਹ ਕੰਗਾਲੀ ਤੇ ਦੁੱਖਾਂ ਦਾ ਯੁੱਗ ਸੀ। ਇਸ ਸਮੇਂ ਉੱਥੇ ਦੇ ਬਹੁਤ ਸਾਰੇ ਬੁੱਧੀਜੀਵੀ ਤੇ ਲੇਖਕ ਅੱਗੇ ਆਏ ਤੇ ਆਪਣੇ ਸਾਹਿਤ ਦੁਆਰਾ ਗਿਆਨ ਦੀ ਮਸ਼ਾਲ ਬਾਲ਼ ਕੇ ਆਪਣੀ ਇਤਿਹਾਸਕ ਜ਼ਿੰਮੇਵਾਰੀ ਨਿਭਾਈ। ਉਹਨਾਂ ਨੇ ਗਿਆਨ ਪ੍ਰਸਾਰ ਦਾ ਕੰਮ ਕਰਦੇ ਹੋਏ ਮਾਨਵਤਾਵਾਦ ਦਾ ਪ੍ਰਚਾਰ ਕੀਤਾ, ਲੋਕਾਂ ਨੂੰ ਨਿਰਾਸਾ ਅਤੇ ਕਿਸਮਤਵਾਦ ਤੋਂ ਛੁਟਕਾਰਾ ਦਿਵਾਇਆ, ਉਹਨਾਂ ਨੂੰ ਅਨਿਆਂ ਦੇ ਵਿਰੁੱਧ ਲੜਨਾ ਸਿਖਾਇਆ ਅਤੇ ਇੱਕ ਵਧੀਆ ਭਵਿੱਖ ਦਾ ਰਸਤਾ ਦਿਖਾਇਆ। ਅਜਿਹੇ ਲੇਖਕਾਂ ਅਤੇ ਵਿਚਾਰਕਾਂ ਵਿੱਚ ਚੇਰਨੇਸ਼ਵਸਕੀ, ਹਰਜਨ, ਬੇਲਿੰਸਕੀ ਪੁਸ਼ਕਿਨ, ਗੋਗੋਲ, ਤੁਰਗਨੇਵ, ਤਾਲਸਤਾਏ, ਦੋਸਤੋਵਸਕੀ, ਚੈਖੋਵ ਆਦਿ ਨਾਵਾਂ ਨੂੰ ਅੱਜ ਪੂਰੀ ਦੁਨੀਆਂ ਜਾਣਦੀ ਹੈ।

ਇਹਨਾਂ ਲੇਖਕਾਂ ਦਾ ਸਾਹਿਤ ਹਰੇਕ ਪ੍ਰਕਾਰ ਦੀਆਂ ਨਾਬਰਾਬਰੀਆਂ ਅਤੇ ਅਨਿਆ ਨੂੰ ਬੇਨਕਾਬ ਕਰਦਾ ਹੈ ਅਤੇ ਇੱਕ ਵਧੀਆ ਭਵਿੱਖ ਦੇ ਸੁਪਨੇ ਵੇਖਣਾ ਸਿਖਾਉਂਦਾ ਹੈ। ਇਹ ਮਾਨਵੀਂ ਦੁੱਖਾਂ ਪ੍ਰਤੀ ਹਮਦਰਦੀ ਅਤੇ ਮਾਨਵੀ ਸੁੱਖ ਦੇ ਸੁਪਨੇ ਤੋਂ ਜੰਮਿਆਂ ਸਾਹਿਤ ਹੈ ਜੋ ਸੱਚ ਅਤੇ ਨਿਆਂ ਦੇ ਪੱਖ ਵਿੱਚ ਅਤੇ ਉਹਨਾਂ ਲੋਕਾਂ ਦੇ ਪੱਖ ਵਿੱਚ ਅਵਾਜ਼ ਬੁਲੰਦ ਕਰਦਾ ਹੈ ਜੋ ਅਨਿਆਂ ਅਤੇ ਬੁਰਾਈ ਦੇ ਸ਼ਿਕਾਰ ਸਨ।

19ਵੀਂ ਸਦੀ ਦੀ ਰੂਸੀ ਲੇਖਕਾਂ ਵਿੱਚ ਇੱਕ ਵੀ ਅਜਿਹਾ ਨਹੀਂ ਸੀ ਜਿਸ ਨੇ ਬੱਚਿਆਂ ਬਾਰੇ ਜਾਂ ਬੱਚਿਆਂ ਲਈ ਨਾ ਲਿਖਿਆ ਹੋਵੇ।

ਇਹ ਸਾਹਿਤਕਾਰ ਬੱਚਿਆਂ ਨੂੰ ਹੀ ਦੇਸ਼ ਦਾ ਅਤੇ ਲੋਕਾਂ ਦਾ ਭਵਿੱਖ ਮੰਨਦੇ ਸਨ। ਉਹ ਵੱਡਿਆਂ ਦੀ ਕਰੂਰਤਾ ਅਤੇ ਘੱਟ ਸਮਝ ਤੋਂ ਬੱਚਿਆਂ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰਦੇ ਸਨ। ਉਹਨਾਂ ਨੂੰ ਇਸ ਗੱਲ ਦਾ ਫਿਕਰ ਸੀ ਕਿ ਬੱਚੇ ਕਿੰਞ ਬੁੱਧੀਮਾਨ, ਹਿੰਮਤੀ, ਨਿਆਂਪਸੰਦ, ਸੁਹਿਰਦ ਅਤੇ ਸੁਖੀ ਲੋਕ ਬਣਨ। ਉਹ ਸਾਹਿਤ ਨੂੰ ਇੱਕ ਅਜਿਹਾ ਸਜੀਵ ਸੂਤਰ ਮੰਨਦੇ ਸਨ ਜੋ ਬੱਚਿਆਂ ਨੂੰ ਇੱਕ ਛੋਟੀ ਜਿਹੀ ਦੁਨੀਆਂ ਤੋਂ ਬਾਹਰ ਲਿਆ ਕੇ ਕੁਲ ਸੰਸਾਰ ਨਾਲ਼ ਜੋੜ ਦਿੰਦਾ ਹੈ ਅਤੇ ਉਹਨਾਂ ਨੂੰ ਆਪਣੇ ਦੇਸ਼ ਦੇ ਲੋਕਾਂ ਅਤੇ ਸਮੁੱਚੀ ਮਨੁੱਖਤਾ ਦੇ ਭਵਿੱਖ ਬਾਰੇ ਸੋਚਣਾ ਸਿਖਾਉਂਦਾ ਹੈ।

ਲੇਵ ਤਾਲਸਤਾਏ ਦਾ ਨਾਂ 19ਵੀਂ ਸਦੀ ਦੇ ਮਹਾਨ ਰੂਸੀ ਲੇਖਕਾਂ ਵਿੱਚ ਸਭ ਤੋਂ ਉੱਪਰ ਆਉਂਦਾ ਹੈ। ਅੱਜ ਵੀ ਉਹ ਦੁਨੀਆਂ ਦੇ ਸਭ ਤੋਂ ਮਹਾਨ ਮਾਨਵਤਾਵਾਦੀ ਲੇਖਕਾਂ ਦੇ ਅਗਲੀ ਕਤਾਰ ਵਿੱਚ ਗਿਣੇ ਜਾਂਦੇ ਹਨ। 'ਯੁੱਧ ਤੇ ਸ਼ਾਂਤੀ (ਚਾਰ ਖੰਡਾਂ ਵਿੱਚ), ਅੰਨਾ ਕਾਰੇਨਿਨਾਂ (ਦੋ ਖੰਡਾਂ ਵਿੱਚ) ਅਤੇ 'ਮੋਇਆ ਦੀ ਜਾਗ' ਵਰਗੇ ਸੰਸਾਰ ਪ੍ਰਸਿੱਧ ਨਾਵਲਾਂ ਦੇ ਰਚਨਾਕਾਰ ਤਾਲਸਤਾਏ ਦੀ ਤੁਲਨਾ ਦੁਨੀਆਂ ਦੇ ਸਭ ਤੋਂ ਮਹਾਨ ਨਾਵਲਕਾਰਾਂ ਵਿੱਚੋਂ ਇੱਕ ਫ਼ਰਾਂਸੀਸੀ ਨਾਵਲਕਾਰ ਬਾਲਜਾਕ ਨਾਲ ਕੀਤੀ ਜਾਂਦੀ ਹੈ। ਖੁਦ ਇੱਕ ਬਹੁਤ ਅਮੀਰ ਕੁਲੀਨ ਪਰਿਵਾਰ ਵਿੱਚ 1828 ਵਿੱਚ ਜਨਮੇ ਤਾਲਸਤਾਏ ਦੀ ਭੂ-ਗੁਲਾਮੀ ਦੀ ਪ੍ਰਥਾ ਦੇ ਜੂਲੇ ਹੇਠ ਪਿਸਦੇ ਰੂਸੀ ਕਿਸਾਨਾਂ ਅਤੇ ਗਰੀਬਾਂ ਪ੍ਰਤੀ ਘਣੀ ਦਰਦਮੰਦ ਹਮਦਰਦੀ ਸੀ। ਅਮੀਰਾਂ ਦੀ ਅੱਯਾਸ਼ੀ ਅਤੇ ਦਿਖਾਵੇ ਨਾਲ ਉਹ ਰੋਮ ਰੋਮ ਤੋਂ ਨਫ਼ਰਤ ਕਰਦੇ ਸਨ। 1910 ਵਿੱਚ ਆਪਣੀ ਮੌਤ ਤੱਕ ਉਹ ਲਿਖਣ ਦੇ ਨਾਲ਼ ਨਾਲ਼ ਆਮ ਲੋਕਾਂ ਦੇ ਵਧੀਆਂ ਜੀਵਨ ਅਤੇ ਸੋਹਣੇ ਭਵਿੱਖ ਲਈ ਲਗਾਤਾਰ ਸੋਚਦੇ ਰਹੇ ਅਤੇ ਵੱਖ-ਵੱਖ ਪ੍ਰਕਾਰ ਦੇ ਸਮਾਜਕ ਪ੍ਰਯੋਗ ਕਰਦੇ ਰਹੇ।

ਤਾਲਸਤਾਏ ਦੇ ਜੀਵਨ ਦੇ ਕਈ ਸਾਲ ਬਾਲ ਸਾਹਿਤ ਦੀ ਰਚਨਾ ਅਤੇ ਬੱਚਿਆਂ ਦੀ ਸਿੱਖਿਆ ਦੇ ਦੇਖਭਾਲ ਵਿੱਚ ਲੰਘੇ। ਆਪਣੀ ਇੱਕ ਚਿੱਠੀ ਵਿੱਚ ਉਹਨਾਂ ਨੇ ਲਿਖਿਆ ਸੀ ਕਿ, "ਬੱਚਿਆਂ ਅਤੇ ਅਧਿਆਪਨ ਨਾਲ਼ ਮੈਨੂੰ ਡੂੰਘਾ ਲਗਾਅ

ਹੈ...।" ਆਪਣੀ ਜਗੀਰ ਯਾਸਨਾਇਆ ਪੋਲਿਆਨਾ ਵਿੱਚ ਕਿਸਾਨ ਬੱਚਿਆਂ ਲਈ ਉਹਨਾਂ ਨੇ ਇੱਕ ਸਕੂਲ ਖੋਲਿਆ ਅਤੇ ਉਹ ਆਪ ਹੀ ਉਸ ਵਿੱਚ ਪੜਾਉਂਦੇ ਸਨ। ਉਹਨਾਂ ਨੇ ਸਿੱਖਿਆ ਸਬੰਧੀ ਮੈਗਜ਼ੀਨ 'ਯਾਸਨਾਇਆ ਪੋਲਿਆਨਾ' ਦਾ ਪ੍ਰਕਾਸ਼ਨ ਕੀਤਾ ਅਤੇ 1872 ਵਿੱਚ ਆਪਣੀ ਪ੍ਰਸਿੱਧ 'ਅੱਖਰਮਾਲਾ' ਲਿਖੀ, ਜਿਸਦੇ ਨਾਲ਼ 'ਪਾਠਮਾਲਾ' (ਰੀਡਰ) ਦੀਆਂ ਚਾਰ ਪੁਸਤਕਾਂ ਵੀ ਸਨ।

ਇਹਨਾਂ ਪੁਸਤਕਾਂ ਨੂੰ ਲਿਖਣ ਲਈ ਤਾਲਸਤਾਏ ਨੇ ਵਿਸ਼ੇਸ਼ ਤੌਰ 'ਤੇ ਪ੍ਰਾਚੀਨ ਗਰੀਕ, ਅਰਬੀ ਤੇ ਹਿੰਦੀ ਭਾਸ਼ਾਵਾਂ ਸਿੱਖੀਆਂ। ਆਪਣੀ 'ਪਾਠਮਾਲਾ' ਵਿੱਚ ਉਹਨਾਂ ਨੇ ਸ਼ਾਰਲ ਪੇਰਾ; ਗ੍ਰੀਮ ਭਰਾਵਾਂ ਅਤੇ ਹਾਂਸ ਐਂਡਰਸਨ ਦੀਆਂ ਕਥਾਵਾਂ, 'ਅਲਿਫ ਲੈਲਾ' ਦੇ ਕਿੱਸਿਆ ਅਤੇ ਰੂਸੀ ਲੋਕ ਕਥਾਵਾਂ ਨੂੰ ਆਪਣੀ ਭਾਸ਼ਾ ਵਿੱਚ ਪੇਸ਼ ਕੀਤਾ। ਤਾਲਸਤਾਏ ਦੂਜੇ ਦੇਸ਼ਾਂ ਦੇ ਲੋਕਾਂ ਦੇ ਸਾਹਿਤ ਦੀ ਦੌਲਤ ਤੋਂ ਬੱਚਿਆਂ ਨੂੰ ਜਾਣੂੰ ਕਰਵਾਉਣਾ ਚਾਹੁੰਦੇ ਸਨ। 'ਪਾਠਮਾਲਾ' ਦੀਆਂ ਬਹੁਤ ਸਾਰੀਆਂ ਕਹਾਣੀਆਂ ਉਹਨਾਂ ਨੇ ਆਪ ਲਿਖੀਆਂ, ਜਿਨ੍ਹਾਂ ਵਿੱਚੋਂ ਇੱਕ 'ਕੋਹਕਾਫ਼ ਦਾ ਕੈਦੀ' ਵੀ ਹੈ। ਇਹ ਕਹਾਣੀ ਦਿਖਾਉਂਦੀ ਹੈ ਕਿ ਸੰਸਾਰ ਦੇ ਸਾਰੇ ਲੋਕਾਂ ਵਿੱਚ ਨੇਕ ਭਾਵਨਾਵਾਂ ਹੁੰਦੀਆਂ ਹਨ ਅਤੇ ਇਹ ਕਿ ਵੱਖ ਵੱਖ ਨਸਲਾਂ ਵਿਚਾਲੇ ਸਾੜਾ ਦੁਸ਼ਮਣੀ ਤੇ ਯੁੱਧ ਕਿੰਨੇ ਅਰਥਹੀਣ ਹੁੰਦੇ ਹਨ।

ਇਹ ਕਹਾਣੀ ਉਸ ਸਮੇਂ ਦੀ ਹੈ ਜਦੋਂ ਰੂਸ ਵਿੱਚ ਕਾਕੇਸ਼ੀਆ ਦੇ ਇਲਾਕੇ ਵਿੱਚ ਰੂਸੀਆਂ ਅਤੇ ਤਾਤਾਰਾਂ ਵਿਚਾਲੇ ਬਹੁਤ ਬੁਰੀ, ਖੂਨੀ ਤੇ ਲੰਬੀ ਲੜਾਈ ਚਲ ਰਹੀ ਸੀ। ਯੁੱਧ ਵਿੱਚੋਂ ਘਰ ਜਾਂਦੇ ਹੋਏ ਰੂਸੀ ਫੌਜ ਦੇ ਦੋ ਅਫਸਰ ਝੀਲਿਨ ਅਤੇ ਕਸਤੀਲਿਨ, ਤਾਤਾਰਿਆਂ ਵੱਲੋਂ ਫੜ ਲਏ ਜਾਂਦੇ ਹਨ ਅਤੇ ਬੇੜੀਆਂ ਵਿੱਚ ਨੂੜ ਕੇ ਕੋਠੜੀ ਵਿੱਚ ਬੰਦ ਕਰ ਦਿੱਤੇ ਜਾਂਦੇ ਹਨ। ਤਾਤਾਰਿਆਂ ਵਿੱਚ ਜਿੱਥੇ ਕੁੱਝ ਬੇਰਹਿਮ ਲੋਕ ਹਨ ਉਥੇ ਹੀ ਗਰੀਬੀ ਦਾ ਜੀਵਨ ਜਿਉਣ ਵਾਲੇ ਕੁਝ ਸੁਹਿਰਦ ਆਮ ਲੋਕ ਵੀ ਹਨ। ਕੈਦੀ ਝੀਲਿਨ ਦੀ ਦੋਸਤੀ ਆਪਣੇ ਮਾਲਕ ਦੀ ਦੁਬਲੀ-ਪਤਲੀ ਬੇਟੀ ਦੀਨਾ ਨਾਲ ਹੋ ਜਾਂਦੀ ਹੈ ਜੋ ਚੋਰੀ-ਚੋਰੀ ਉਸ ਨੂੰ ਰੋਟੀ ਦਿੰਦੀ ਹੈ, ਉਸ ਨਾਲ ਗੱਲਾਂ ਕਰਦੀ ਹੈ ਅਤੇ ਝੀਲਿਨ ਉਸ ਨੂੰ ਵੱਖ-ਵੱਖ ਕਿਸਮ ਦੇ ਖਿਡੌਣੇ ਬਣਾ ਕੇ ਦਿੰਦਾ ਹੈ। ਅੰਤ ਵਿੱਚ ਝੀਲਿਨ ਦੀਨਾ ਦੀ ਮਦਦ ਨਾਲ਼ ਹੀ ਕੈਦ ਤੋਂ ਛੁੱਟ ਕੇ ਭੱਜ ਜਾਂਦਾ ਹੈ ਅਤੇ ਸਾਥੀਆਂ ਨਾਲ਼ ਜਾ ਮਿਲਦਾ ਹੈ। ਖਤਰੇ ਨਾਲ ਖੇਡ ਕੇ ਅਤੇ ਦੋਸਤ ਤੋਂ ਵਿਛੜਨ ਦਾ ਦੁੱਖ ਮੁਲ ਲੈ ਕੇ ਵੀ ਦੀਨਾ ਝੀਲਿਨ ਨੂੰ ਉਸ ਦੀ ਅਜ਼ਾਦੀ ਹਾਸ਼ਲ ਕਰਨ ਵਿੱਚ ਮਦਦ ਕਰਦੀ ਹੈ। ਵੱਡਿਆਂ ਵਾਂਗ ਬੱਚੀ ਦੇ ਮਨ ਵਿੱਚ ਨਸਲੀ ਈਰਖਾ ਦੀ ਕੋਈ ਭਾਵਨਾ ਨਹੀਂ ਹੈ। ਹਰ ਬੱਚੇ ਵਾਂਗ ਉਸ ਦੇ ਦਿਲ ਵਿੱਚ ਸਹਿਜ ਹਮਦਰਦੀ, ਪਿਆਰ ਅਤੇ ਮਿਹਰ ਦਾ ਅਥਾਹ ਸਮੁੰਦਰ ਹੈ।

ਬੱਚਿਆ ਵਿੱਚ ਜਾਤ ਜਾਂ ਨਸਲ ਦਾ ਕੋਈ ਅੰਧਵਿਸ਼ਵਾਸ ਨਹੀਂ ਹੁੰਦਾ ਜਿਵੇਂ ਕਿ ਅਕਸਰ ਵੱਡਿਆਂ ਵਿੱਚ ਵੇਖਿਆ ਜਾਂਦਾ ਹੈ। ਦੀਨਾ ਨੂੰ ਆਪਣੇ ਪਿਤਾ ਦੇ ਕੈਦੀ ਤੇ ਰਹਿਮ ਆਉਂਦਾ ਹੈ ਅਤੇ ਉਹ ਉਸ ਦੀ ਸਹਾਇਤਾ ਕਰਦੀ ਹੈ; ਬੇਸ਼ੱਕ ਪਿੰਡ ਵਾਲੇ ਰੂਸੀਆਂ ਨੂੰ ਆਪਣਾ ਦੁਸ਼ਮਣ ਸਮਝਦੇ ਹਨ। ਦੀਨਾ ਲਈ ਝੀਲਿਨ ਸਭ ਤੋਂ ਪਹਿਲਾਂ ਇੱਕ ਭਲਾ ਆਦਮੀ ਹੈ ਜੋ ਖਿਡੌਣੇ ਬਣਾ ਕੇ ਬੱਚਿਆਂ ਵਿੱਚ ਖੁਸ਼ੀਆਂ ਵੰਡਦਾ ਹੈ।

ਤਾਲਸਤਾਏ ਦੇ ਜੀਵਨ ਵਿੱਚ ਹੀ ਉਸ ਦੀ 'ਅੱਖਰਮਾਲਾ' ਨੂੰ ਰੂਸ ਦੇ ਸਕੂਲਾਂ ਵਿੱਚ ਪਾਠਪੁਸਤਕ ਦੇ ਰੂਪ ਵਿੱਚ ਪੜਾਇਆ ਜਾਣ ਲੱਗ ਪਿਆ ਸੀ। 1917 ਦੇ ਇਨਕਲਾਬ ਤੋਂ ਮਗਰੋਂ ਵੀ ਸੋਵੀਅਤ ਸੰਘ ਵਿੱਚ ਬੱਚੇ ਉਹਨਾਂ ਦੀ 'ਕੋਹਕਾਫ ਦਾ ਕੈਦੀ' ਅਤੇ ਬਾਕੀ ਕਹਾਣੀਆਂ ਚਾਅ ਨਾਲ਼ ਪੜ੍ਹਿਆ ਕਰਦੇ ਸਨ। ਲੋਕ ਸਿੱਖਿਆ ਦੀ ਇੱਕ ਵਿਲੱਖਣ ਕਾਰਕੁਨ, ਲੈਨਿਨ ਦੀ ਭੈਣ ਅੰਨਾ ਉਲਯਾਨੋਵਾ ਨੇ ਲਿਖਿਆ ਸੀ, "ਇਹਨਾਂ ਕਹਾਣੀਆਂ ਨੂੰ ਉਹਨਾਂ ਦੀਆਂ ਬਾਕੀ ਰਚਨਾਵਾਂ ਵਾਂਗ ਹੀ ਸਾਡੇ ਸਾਹਿਤ ਦੇ 'ਸਵਰਨ ਭੰਡਾਰ' ਵਿੱਚ ਥਾਂ ਮਿਲਣਾ ਚਾਹੀਦਾ ਹੈ। ਕਿਸੇ ਵੀ ਸੱਚੀ ਰਚਨਾ ਵਾਂਗ ਇਹ ਕਹਾਣੀਆਂ ਪੜ ਕੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਹਨਾਂ ਦਾ ਕੁਦਰਤੀ ਸਾਦਗੀ ਭਰੀ ਖਿੱਚ ਛੋਟੀ ਉਮਰ ਵਿੱਚ ਹੀ ਪੜਨ-ਪੜਾਉਣ ਦੀ ਇੱਛਾ ਜਗਾਉਂਦੀ ਹੈ।"

# ਕੋਹੇਕਾਫ਼ ਦਾ ਕੈਦੀ



**(1)**

ਇੱਕ ਸੀ ਸਾਹਿਬ। ਉਸ ਦਾ ਨਾਂ ਸੀ ਜ਼ੀਲਿਨ। ਉਹ ਫੌਜ ਵਿੱਚ ਅਫਸਰ ਸੀ ਤੇ ਕਾਕੇਸ਼ੀਆ ਵਿੱਚ ਤੈਨਾਤ ਸੀ।

ਇੱਕ ਦਿਨ ਉਸ ਨੂੰ ਘਰੋਂ ਚਿੱਠੀ ਮਿਲੀ। ਬੁੱਢੀ ਮਾਂ ਨੇ ਲਿਖਿਆ ਸੀ, "ਪੁੱਤ, ਮੈਂ ਤਾਂ ਹੁਣ ਬਹੁਤ ਬੁੱਢੀ ਹੋ ਚਲੀ ਹਾਂ ਮਰਨ ਤੋਂ ਪਹਿਲਾਂ ਬਸ ਇਕ ਵਾਰ ਆਪਣੀਆਂ ਅੱਖਾਂ ਦੇ ਤਾਰੇ ਨੂੰ ਦੇਖਣਾ ਚਾਹੁੰਦੀ ਹਾਂ। ਆ ਜਾ ਪੁੱਤ, ਆਪਣੀ ਮਾਂ ਤੋਂ ਵਿਦਾ ਲੈ ਜਾ। ਮੈਨੂੰ ਦਫਨਾ ਕੇ ਮੁੜ ਫੌਜ ਵਿੱਚ ਨੌਕਰੀ 'ਤੇ ਚਲਿਆ ਜਾਵੀ। ਮੈਂ ਨੂੰਹ ਵੀ ਵੇਖ ਲਈ ਹੈ : ਸਮਝਦਾਰ ਹੈ, ਸੋਹਣੀ ਹੈ ਅਤੇ ਉਸ ਦੀ ਆਪਣੀ ਜਗੀਰ ਵੀ ਹੈ। ਤੈਨੂੰ ਪਸੰਦ ਆ ਜਾਵੇ ਤਾਂ ਵਿਆਹ ਵੀ ਹੋ ਜਾਵੇ, ਫਿਰ ਤਾਂ ਫੌਜ ਵਿੱਚ ਵੀ ਮੁੜਨ ਦੀ ਵੀ ਲੋੜ ਨਾ ਰਹੇ।"

ਜ਼ੀਲਿਨ ਸੋਚ ਵਿੱਚ ਪੈ ਗਿਆ। ਮਾਂ ਸੱਚਮੁਚ ਹੀ ਬਹੁਤ ਬੁੱਢੀ ਹੋ ਗਈ ਸੀ, ਜ਼ਿੰਦਗੀ ਦਾ ਕੋਈ ਭਰੋਸਾ ਨਹੀਂ, ਪਤਾ ਨਹੀਂ ਫਿਰ ਮੇਲ ਹੋਵੇ ਨਾ ਹੋਵੇ। ਕਿਉਂ ਨਾ ਚਲਿਆ ਜਾਵੇ ਅਤੇ ਜੇਕਰ ਕੁੜੀ ਚੰਗੀ ਹੋਈ ਤਾਂ ਵਿਆਹ ਵੀ ਕੀਤਾ ਜਾ ਸਕਦਾ ਹੈ।

ਫੇਰ ਉਹ ਕਰਨਲ ਕੋਲ ਗਿਆ; ਉਸ ਨੇ ਛੁੱਟੀ ਲਈ, ਸਾਥੀ ਅਫਸਰਾਂ ਤੋਂ ਵਿਦਾ ਹੋਇਆ, ਆਪਣੇ ਸਿਪਾਹੀਆਂ ਨੂੰ ਚਾਰ ਬਾਲਟੀਆਂ ਵੋਦਕਾ ਦੀਆਂ ਦਿੱਤੀਆਂ ਤੇ ਚੱਲਣ ਲਈ ਤਿਆਰ ਹੋ ਗਿਆ।

ਕਾਕੇਸ਼ੀਆ ਵਿੱਚ ਉਸ ਸਮੇਂ ਲੜਾਈ ਛਿੜੀ ਹੋਈ ਸੀ। ਰਾਤ ਹੋਵੇ ਜਾਂ ਦਿਨ ਰਸਤੇ 'ਤੇ ਚੱਲਣਾ ਖਤਰੇ ਤੋਂ ਖਾਲੀ ਨਹੀਂ ਸੀ। ਕੋਈ ਰੂਸੀ ਜੇਕਰ ਪੈਦਲ ਜਾ ਘੋੜੇ ਤੇ ਹੀ ਕਿਲ੍ਹੇ ਤੋਂ ਥੋੜ੍ਹਾ ਦੂਰ ਨਿਕਲ ਜਾਂਦਾ ਤਾਂ ਤਾਤਾਰ ਉਸ ਨੂੰ ਮਾਰ ਦਿੰਦੇ ਜਾਂ ਉਸ ਨੂੰ ਫੜ ਕੇ ਪਹਾੜਾਂ 'ਤੇ ਲੈ ਜਾਂਦੇ। ਇਸ ਲਈ ਇਹ ਨਿਯਮ ਸੀ ਕਿ

ਹਫਤੇ ਵਿੱਚ ਦੋ ਵਾਰੀ ਇੱਕ ਕਿਲ੍ਹੇ ਤੋਂ ਦੂਜੇ ਕਿਲ੍ਹੇ ਵਿੱਚ ਗਾਰਦ ਦੇ ਨਾਲ਼ ਕਾਫਲਾ ਜਾਂਦਾ ਸੀ। ਅੱਗੇ ਪਿੱਛੇ ਸਿਪਾਹੀ ਚੱਲਦੇ ਸਨ ਤੇ ਵਿਚਾਲੇ ਲੋਕ।

ਗਰਮੀਆਂ ਦੇ ਦਿਨ ਸਨ। ਸਵੇਰੇ ਤੜਕੇ ਹੀ ਕਿਲ੍ਹੇ ਬਾਹਰ ਕਾਫਲਾ ਜਮ੍ਹਾ ਹੋ ਗਿਆ; ਗਾਰਦ ਦੇ ਸਿਪਾਹੀ ਆਏ ਤੇ ਸਾਰੇ ਤੁਰ ਪਏ। ਝੀਲਿਨ ਘੋੜੇ 'ਤੇ ਜਾ ਰਿਹਾ ਸੀ ਅਤੇ ਉਸ ਦਾ ਸਮਾਨ ਗੱਡੀ 'ਤੇ ਲੱਦਿਆ ਹੋਇਆ ਕਾਫਲੇ ਦੇ ਨਾਲ਼ ਆ ਰਿਹਾ ਸੀ।

18 ਮੀਲ ਰਸਤਾ ਸੀ। ਕਾਫਲਾ ਹੌਲ਼ੀ ਹੌਲ਼ੀ ਅੱਗੇ ਵੱਧ ਰਿਹਾ ਸੀ। ਕਦੀ ਸਿਪਾਹੀ ਰੁਕ ਜਾਂਦੇ, ਕਦੇ ਕਾਫ਼ਲੇ ਵਿੱਚ ਕਿਸੇ ਗੱਡੀ ਦਾ ਪਹੀਆ ਟੁੱਟ ਜਾਂਦਾ ਜਾਂ ਕੋਈ ਘੋੜਾ ਅੜੀ ਕਰਦਾ ਅਤੇ ਫਿਰ ਪੜਾਅ ਕਰਨਾ ਪੈਂਦਾ।

ਦੁਪਿਹਰ ਉੱਤਰ ਚੁੱਕੀ ਸੀ, ਪਰ ਕਾਫਲੇ ਨੇ ਅਜੇ ਅੱਧਾ ਰਾਹ ਵੀ ਤੈਅ ਨਹੀਂ ਸੀ ਕੀਤਾ। ਕੜਕਦੀ ਧੁਪ ਸੀ, ਮਿੱਟੀ ਉੱਡ ਰਹੀ ਸੀ। ਕਿਤੇ ਵੀ ਆਸਰਾ ਲੈਣ ਦੀ ਥਾਂ ਨਹੀਂ ਸੀ। ਸਾਰੇ ਪਾਸੇ ਸਤੇਪੀ ਸੀ ਨਾ ਕੋਈ ਰੁਖ ਸੀ, ਨਾ ਝਾੜੀ।

ਝੀਲਿਨ ਥੋੜ੍ਹਾ ਅੱਗੇ ਵੱਧ ਗਿਆ ਅਤੇ ਰੁਕ ਕੇ ਉਡੀਕਨ ਲੱਗਿਆ ਕਿ ਕਦੋਂ ਕਾਫਲਾ ਆਵੇ। ਉਸ ਵਕਤ ਉਸ ਨੂੰ ਬਿਗੁਲ ਸੁਣਾਈ ਦਿੱਤਾ — ਕਾਫਲਾ ਫਿਰ ਰੁਕ ਗਿਆ ਸੀ। ਝੀਲਿਨ ਸੋਚਣ ਲੱਗਿਆ : "ਕਿਉਂ ਨਾ ਮੈਂ ਇਕੱਲਾ ਹੀ ਚਲ ਪਵਾ" ਗਾਰਦ ਤੋਂ ਬਗੈਰ ਹੀ ? ਘੋੜਾ ਮੇਰਾ ਤੇਜ਼ ਹੈ, ਜੇਕਰ ਤਾਤਾਰਿਆਂ ਨਾਲ਼ ਸਾਹਮਣਾ ਹੋ ਵੀ ਗਿਆ ਤਾਂ ਭੱਜ ਜਾਵਾਂਗਾ। ਜਾਵਾਂ ਜਾਂ ਨਾ ਜਾਵਾਂ ?"

ਉਹ ਇੰਝ ਹੀ ਖੜ੍ਹਾ ਖੜ੍ਹਾ ਸੋਚ ਰਿਹਾ ਸੀ। ਉਸੇ ਵਕਤ ਘੋੜੇ ਉੱਤੇ ਸਵਾਰ ਇੱਕ ਦੂਜਾ ਅਫਸਰ ਕਸਤੀਲਿਨ ਉੱਥੇ ਆਇਆ। ਉਸ ਕੋਲ ਬੰਦੂਕ ਸੀ। ਉਹ ਬੋਲਿਆ :

"ਚੱਲ, ਝੀਲਿਨ ਇਕੱਲੇ ਹੀ ਚੱਲਦੇ ਹਾਂ। ਮੇਰੇ ਤੋਂ ਹੁਣ ਨਹੀਂ ਰਿਹਾ ਜਾਂਦਾ। ਭੁੱਖ ਲੱਗ ਰਹੀ ਹੈ ਅਤੇ ਉੱਤੋਂ ਇਹ ਗਰਮੀ। ਮੈਂ ਤਾਂ ਪਸੀਨੇ ਨਾਲ ਤਰ ਹੋ ਗਿਆ।"

ਕਸਤੀਲਿਨ ਬਹੁਤ ਮੋਟਾ ਸੀ, ਗਰਮੀ ਨਾਲ ਉਸ ਦਾ ਮੂੰਹ ਲਾਲ ਹੋ ਗਿਆ ਸੀ ਤੇ ਮੁੜ੍ਹਕਾ ਵਗ ਰਿਹਾ ਸੀ। ਝੀਲਿਨ ਕੁੱਝ ਦੇਰ ਸੋਚਦਾ ਰਿਹਾ ਤੇ ਬੋਲਿਆ :

"ਬੰਦੂਕ ਵਿੱਚ ਗੋਲੀਆਂ ਤਾਂ ਹੈਗੀਆਂ ਨੇ ?"

"ਹੈਗੀਆਂ।"

"ਤਾਂ ਫਿਰ ਚੱਲਦੇ ਹਾਂ। ਪਰ ਇੱਕ ਗੱਲ ਹੈ; ਰਸਤੇ ਵਿੱਚ ਅਲੱਗ ਅਲੱਗ ਨਹੀਂ ਹੋਣਾ, ਨਾਲ਼ ਨਾਲ਼ ਚੱਲਣਾ ਹੈ।"

ਬਸ ਉਹ ਦੋਵੇ ਅੱਗੇ ਵੱਧ ਗਏ। ਗੱਲਾਂ ਕਰਦਿਆਂ, ਇਧਰ ਉੱਧਰ ਨਜ਼ਰ ਮਾਰਦਿਆਂ ਉਹ ਸਤੇਪੀ ਵਿੱਚ ਚੱਲਦੇ ਜਾ ਰਹੇ ਸਨ। ਚੌਂਹ ਪਾਸੇ ਦੂਰ ਦੂਰ ਤੱਕ ਦਿਖਾਈ ਦੇ ਰਿਹਾ ਸੀ। ਅਖੀਰ ਉਹਨਾਂ ਨੇ ਸਤੇਪੀ ਪਾਰ ਕਰਨ ਲਈ ਅੱਗੇ ਰਸਤਾ ਦੋ ਪਹਾੜੀਆਂ 'ਚੋਂ ਲੰਘਦਾ ਸੀ। ਝੀਲਿਨ ਬੋਲਿਆ:

"ਪਹਾੜੀਆਂ 'ਤੇ ਚੜ੍ਹ ਕੇ ਵੇਖ ਲੈਣਾ ਚਾਹੀਦਾ ਹੈ, ਨਹੀਂ ਤਾਂ ਅਚਾਨਕ ਪਹਾੜੀ ਪਿੱਛੋਂ ਨਿਕਲ ਆਉਣਗੇ ਤੇ ਪਤਾ ਵੀ ਨਹੀਂ ਚੱਲੇਗਾ।"

ਪਰ ਕਸਤੀਲਿਨ ਨੇ ਕਿਹਾ :

"ਦੇਖਣਾ ਕੀ ਹੈ ? ਚੱਲੀ ਚੱਲ।"

ਝੀਲਿਨ ਨੇ ਉਸ ਦਾ ਕਹਿਣਾ ਨਹੀਂ ਮੰਨਿਆ ਤੇ ਘੋੜੇ ਨੂੰ ਖੱਬੇ ਪਾਸੇ ਪਹਾੜੀ 'ਤੇ ਚੜ੍ਹਾ ਦਿੱਤਾ। ਘੋੜਾ ਸ਼ਿਕਾਰੀ ਸੀ (ਝੀਲਿਨ ਨੇ ਸੌ ਰੂਬਲ ਵਿੱਚ ਬਸ਼ੇਰਾ ਖਰੀਦਿਆ ਸੀ ਅਤੇ ਉਸ ਨੂੰ ਕੱਢਿਆ ਸੀ) ਹਵਾ ਨਾਲ਼ ਗੱਲਾਂ ਕਰਦਾ ਉਹ ਪਹਾੜੀ 'ਤੇ ਚੜ੍ਹ ਗਿਆ। ਉੱਤੇ ਪਹੁੰਚਣ ਸਾਰ ਝੀਲਿਨ ਨੇ ਕੀ ਦੇਖਿਆ ਕਿ ਉਸ ਦੇ ਬਿਲਕੁੱਲ ਸਾਹਮਣੇ ਚਾਰ ਵਿਘੇ ਦੂਰ ਘੋੜ ਸਵਾਰ ਤਾਤਾਰ ਖੜ੍ਹੇ ਹਨ, ਉਹ ਕੋਈ ਤੀਹ ਜਣੇ ਹੋਣਗੇ। ਉਹਨਾਂ ਨੂੰ ਵੇਖਦੇ ਸਾਰ ਹੀ ਪਿੱਛੇ ਮੁੜਿਆ; ਤਾਤਾਰਾਂ ਨੇ ਵੀ ਉਸ ਨੂੰ ਵੇਖ ਲਿਆ; ਉਹਨਾਂ ਉਸ ਵੱਲ ਘੋੜੇ ਦੁੜਾ ਲਏ ਤੇ ਬੰਦੂਕਾਂ ਕੱਢਣ ਲੱਗੇ। ਝੀਲਿਨ ਘੋੜੇ ਨੂੰ ਢਲਾਣ 'ਤੇ ਤੇਜ਼ੀ ਨਾਲ਼ ਦੁੜਾਉਣ ਲਗਿਆ। ਉਸ ਨੇ ਕਸਤੀਲਿਨ ਨੂੰ ਚੀਖ ਕੇ ਕਿਹਾ :

"ਬੰਦੂਕ ਕੱਢ!" ਮਨ ਹੀ ਮਨ ਉਹ ਆਪਣੇ ਘੋੜੇ ਨੂੰ ਮਿਨਤਾਂ ਕਰ ਰਿਹਾ ਸੀ : "ਲੈ ਚਲ ਭਾਈ, ਕਿਤੇ ਠੋਕਰ ਨਾ ਖਾ ਲਵੀ; ਡਿੱਗ ਗਿਆ, ਤਾਂ ਬਸ ਖਤਮ ਸਮਝੋ। ਇੱਕ ਵਾਰ ਬੰਦੂਕ ਤੱਕ ਪਹੁੰਚ ਜਾਵਾ, ਫੇਰ ਮੈਂ ਇਹਨਾਂ ਹੱਥ ਨਹੀਂ ਆਵਾਂਗਾ।"

ਕਸਤੀਲਿਨ ਰੁਕਣ ਦੀ ਥਾਂ ਤਾਤਾਰਾਂ ਨੂੰ ਵੇਖਣ ਸਾਰ ਵਾਹੋਦਾਹੀ ਕਿਲ੍ਹੇ ਵੱਲ ਨੂੰ ਦੌੜਿਆ। ਉਹ ਕਦੇ ਇਸ ਪਾਸੇ ਤੇ ਕਦੇ ਉਸ ਪਾਸੇ ਘੋੜੇ ਦੀਆਂ ਵੱਖੀਆਂ 'ਤੇ ਹੰਟਰ ਮਾਰਦਾ ਜਾ ਰਿਹਾ ਸੀ। ਮਿੱਟੀ ਦੇ ਬਦਲਾਂ ਵਿੱਚ ਸਿਰਫ਼ ਘੋੜੇ ਦੀ ਪੂਛ ਹਿਲਦੀ ਦਿਖਾਈ ਦੇ ਰਹੀ ਸੀ।

ਝੀਲਿਨ ਨੇ ਵੇਖਿਆ ਕਿ ਮਾਮਲਾ ਗ਼ੜਬੜ ਹੈ। ਬੰਦੂਕ ਚਲੀ ਗਈ, ਇਹ ਤਲਵਾਰ ਨਾਲ਼ ਉਹ ਕੀ ਕਰ ਲਏਗਾ। ਉਸ ਨੇ ਘੋੜੇ ਨੂੰ ਮੁੜ ਗਾਰਦ ਵੱਲ ਘੁਮਾਇਆ — ਸੋਚਦਾ ਸੀ ਕਿ ਉਹ ਨਿਕਲ ਜਾਵੇਗਾ। ਪਰ ਕੀ ਵੇਖਦਾ ਹੈ ਕਿ ਉਧਰੋ ਉਸ ਦਾ ਰਸਤਾ ਕਟਣ ਲਈ ਛੇ ਘੋੜੇ ਸਵਾਰ ਦੋੜੇ ਆ ਰਹੇ ਹਨ। ਉਸ ਦਾ ਘੋੜਾ ਤੇਜ ਸੀ ਪਰ ਉਹਨਾਂ ਦੇ ਘੋੜੇ ਹੋਰ ਵੀ ਤੇਜ਼ ਸਨ ਤੇ ਉੱਤੋਂ ਉਹ ਉਸ ਦਾ ਰਸਤਾ ਵੀ ਕਟ ਰਹੇ ਸਨ। ਝੀਲਿਨ ਨੇ ਘੋੜੇ ਨੂੰ ਰੋਕਣਾ ਚਾਹਿਆ; ਦੂਜੇ ਪਾਸੇ ਮੋੜਨਾ ਚਾਹਿਆ, ਪਰ ਘੋੜਾ ਇੰਨਾ ਤੇਜ਼ ਦੋੜਦਾ ਜਾ ਰਿਹਾ ਸੀ ਕਿ ਰੋਕਿਆ ਨਹੀਂ ਸੀ ਜਾ ਸਕਦਾ। ਉਹ ਸਿੱਧਾ ਤਾਤਾਰਾਂ ਵੱਲ ਵੱਧਦਾ ਜਾ ਰਿਹਾ ਸੀ। ਝੀਲਿਨ ਨੇ ਵੇਖਿਆ ਕਿ ਹਰੇ ਘੋੜੇ 'ਤੇ ਸਵਾਰ ਲਾਲ ਦਾੜ੍ਹੀ ਵਾਲਾ ਤਾਤਾਰ ਉਸ ਦੇ ਕੋਲ ਆ ਰਿਹਾ ਹੈ। ਉਹ ਮੂੰਹ ਅੱਡੀ ਚੀਖ ਰਿਹਾ ਸੀ; ਉਸ ਨੇ ਬੰਦੂਕ ਤਾਣੀ ਹੋਈ ਸੀ।

ਝੀਲਿਨ ਮਨ ਹੀ ਮਨ ਵਿੱਚ ਸੋਚ ਰਿਹਾ ਸੀ: "ਜਾਣਦਾ ਹਾਂ ਮੈਂ ਤੁਹਾਨੂੰ ਕੰਬਖਤਾਂ ਨੂੰ : ਜੇਕਰ ਜਿਉਂਦਾ ਫੜ ਲਿਆ ਤਾਂ ਟੋਏ ਵਿੱਚੇ ਸੁਟੀ ਰਖੋਗੇ, ਉਪਰੋ ਕੁਟਾਪਾ ਚਾੜ੍ਹੋਗੇ। ਨਹੀਂ, ਜਿਉਂਦੇ ਜੀਅ ਮੈਂ ਤੁਹਾਡੇ ਹੱਥ ਨਹੀਂ ਆਉਣ ਵਾਲ਼ਾ..."

ਜ਼ੀਲਿਨ ਸੀ ਤਾਂ ਮਧਰਾ ਜਿਹਾ, ਪਰ ਬੜਾ ਹਿੰਮਤੀ ਸੀ। ਉਸ ਨੇ ਤਲਵਾਰ ਕੱਢੀ ਤੇ ਘੋੜੇ ਨੂੰ ਸਿੱਧਾ ਲਾਲ ਤਾਤਾਰ ਵੱਲ ਵਧਾਇਆ। ਉਹ ਸੋਚ ਰਿਹਾ ਸੀ : "ਜਾਂ ਤਾਂ ਘੋੜੇ ਥੱਲੇ ਲਤੜ ਦਿਆਂਗਾ ਜਾਂ ਤਲਵਾਰ ਨਾਲ ਸਿਰ ਉੱਡਾ ਦਿਆਂਗਾ"।

ਇੱਕ ਘੋੜੇ ਦੀ ਵਿਥ ਰਹਿ ਗਈ ਉਦੋਂ ਹੀ ਪਿੱਛਿਓਂ ਕਿਸੇ ਨੇ ਗੋਲ਼ੀ ਚਲਾ ਦਿੱਤੀ, ਗੋਲ਼ੀ ਘੋੜੇ ਨੂੰ ਲੱਗੀ। ਘੋੜਾ ਧੜੱਮ ਕਰਕੇ ਜ਼ਮੀਨ 'ਤੇ ਡਿਗਿਆ, ਜ਼ੀਲਿਨ ਦੀ ਲੱਤ ਉਸ ਦੇ ਥੱਲੇ ਦਬ ਗਈ।

ਜ਼ੀਲਿਨ ਉੱਠਣਾ ਚਾਹੁੰਦਾ ਸੀ, ਪਰ ਦੋ ਤਾਤਾਰ ਉਸਦੇ 'ਤੇ ਆਣ ਚੜੇ ਤੇ ਉਸ ਦੀਆਂ ਬਾਹਾਂ ਪਿਛੇ ਮਰੋੜ ਰਹੇ ਸਨ। ਜ਼ੀਲਿਨ ਨੇ ਇੱਕ ਝਟਕੇ ਨਾਲ਼ ਉਹਨਾਂ ਨੂੰ ਲਾਹ ਸੁੱਟਿਆ, ਪਰ ਉਸੇ ਵਕਤ ਤਿੰਨ ਤਾਤਾਰ ਘੋੜਿਆਂ ਤੋਂ ਉਤਰ ਆਏ ਤੇ ਬੰਦੂਕਾਂ ਦੀ ਵੱਟ ਉਸ ਦੇ ਸਿਰ ਵਿੱਚ ਮਾਰਨ ਲੱਗੇ। ਜ਼ੀਲਿਨ ਦੀਆਂ ਅੱਖਾਂ ਮੂਹਰੇ ਹਨ੍ਹੇਰਾ ਛਾ ਗਿਆ, ਲੱਤਾਂ ਲੜਖੜਾ ਗਈਆ। ਤਾਤਾਰਾਂ ਨੇ ਉਸ ਨੂੰ ਫੜ ਲਿਆ। ਕਾਠੀ 'ਤੇ ਲੱਗੇ ਫਾਲਤੂ ਸਮਾਨ ਲਾਹਿਆ, ਉਸ ਦੀਆਂ ਬਾਹਾਂ ਪਿਛੇ ਮਰੋੜ ਕੇ ਤਾਤਾਰੀ ਗੱਠ ਬੰਨ ਦਿੱਤੀ ਤੇ ਉਸ ਨੂੰ ਘੜੀਸਦੇ ਹੋਏ ਘੋੜੇ ਦੀ ਕਾਠੀ ਤੱਕ ਲੈ ਗਏ। ਕਿਸੇ ਨੇ ਉਸ ਦੀ ਟੋਪੀ ਲਾਹ ਲਈ, ਗੋਡਿਆ ਤੱਕ ਲੰਮੇ ਉਸ ਦੇ ਬੂਟ ਲਾਹ ਲਏ, ਸਾਰੀਆਂ ਜੇਬਾਂ ਟੋਹ ਟੋਹ ਕੇ ਪੈਸੇ, ਘੜੀ ਤੇ ਜੋ ਕੁੱਝ ਵੀ ਮਿਲਿਆ ਕੱਢ ਲਿਆ, ਕੱਪੜੇ ਪਾੜ ਦਿੱਤੇ। ਜ਼ੀਲਿਨ ਨੇ ਆਪਣੇ ਘੋੜੇ ਵੱਲ ਵੇਖਿਆ : ਉਹ ਵਿਚਾਰਾਂ ਜਿਸ ਤਰ੍ਹਾਂ ਡਿਗਿਆ ਸੀ ਉਸੇ ਤਰ੍ਹਾਂ ਪਿਆ ਸੀ, ਬਸ ਹਵਾ ਵਿੱਚ ਲੱਤਾਂ ਮਾਰ ਰਿਹਾ ਸੀ ਪਰ ਉਸ ਦੇ ਟਾਪ ਜ਼ਮੀਨ 'ਤੇ ਨਹੀਂ ਸਨ ਪੈ ਰਹੇ। ਸਿਰ ਵਿੱਚ ਮੋਰੀ ਸੀ ਤੇ ਮੋਰੀ ਤੋਂ ਖੂਨ ਦੀ ਧਾਰ ਵਗ ਰਹੀ ਸੀ, ਚਾਰੇ ਪਾਸੇ ਹੱਥ ਭਰ ਮਿੱਟੀ ਖੂਨ ਨਾਲ਼ ਰੰਗੀ ਗਈ ਸੀ।

ਇਕ ਤਾਤਾਰ ਘੋੜੇ ਕੋਲ ਜਾ ਕੇ ਕਾਠੀ ਲਾਉਣ ਲੱਗਾ – ਘੋੜਾ ਹਵਾ ਵਿੱਚ ਲੱਤਾਂ ਮਾਰੀ ਜਾ ਰਿਹਾ ਸੀ। ਤਾਤਾਰ ਨੇ ਛੁਰਾ ਕੱਢਿਆ ਤੇ ਉਸ ਦਾ ਗਲਾ ਵੱਢ ਦਿੱਤਾ। ਗੱਲ 'ਚੋਂ ਸੂੰ ਦੀ ਆਵਾਜ ਆਈ, ਘੋੜਾ ਤੜਫਿਆ ਤੇ ਉਸ ਦੇ ਸਾਹ ਉੱਡ ਗਏ।

ਤਾਤਾਰਾਂ ਨੇ ਕਾਠੀ ਲਾਹ ਲਈ, ਸਾਜ ਲਾਹ ਲਿਆ। ਲਾਲ ਦਾੜੀ ਵਾਲਾ ਤਾਤਾਰ ਘੋੜੇ 'ਤੇ ਸਵਾਰ ਹੋ ਗਿਆ, ਦੂਜਿਆਂ ਨੇ ਜ਼ੀਲਿਨ ਨੂੰ ਚੱਕ ਕੇ ਕਾਠੀ 'ਤੇ ਬਿਠਾ ਦਿੱਤਾ, ਉਹ ਡਿੱਗ ਨਾ ਜਾਵੇ ਇਸ ਲਈ ਉਸ ਦੇ ਲਕ 'ਤੇ ਪੇਟੀ ਖਿੱਚ ਕੇ ਤਾਤਾਰ ਨਾਲ ਬੰਨ੍ਹ ਦਿੱਤੀ ਤੇ ਫੇਰ ਉਹ ਉਸ ਨੂੰ ਪਹਾੜਾਂ ਵਿੱਚ ਲੈ ਗਏ।

ਹੁਣ ਜ਼ੀਲਿਨ ਤਾਤਾਰ ਪਿੱਛੇ ਬੈਠਾ ਹੁਝਕੇ ਖਾ ਰਿਹਾ ਸੀ। ਉਸ ਦਾ ਮੂੰਹ ਤਾਤਾਰ ਦੀ ਪਿੱਠ ਨਾਲ਼ ਟਕਰਾ ਰਿਹਾ ਸੀ। ਉਸ ਦੀਆਂ ਅੱਖਾਂ ਸਾਹਮਣੇ ਸਿਰਫ ਤਾਤਾਰ ਦੀ ਚੌੜੀ ਪਿੱਠ ਸੀ, ਗਲ ਦੀ ਫੁਲੀਆਂ ਨਸਾਂ ਜਾਂ ਟੋਪੀ ਥਲਿਓਂ ਮੋੜੀਆਂ ਹੋਈਆਂ ਲੱਤਾਂ ਹੀ ਉਸ ਦੇ ਨਜ਼ਰੀ ਪੈ ਰਹੀਆਂ ਸਨ। ਜ਼ੀਲਿਨ ਦਾ ਸਿਰ ਜਖਮੀ ਸੀ, ਅੱਖਾਂ 'ਤੇ ਖੂਨ ਜਮਿਆਂ ਹੋਇਆ ਸੀ। ਨਾਂ ਤਾਂ ਉਹ ਘੋੜੇ 'ਤੇ ਠੀਕ ਤਰ੍ਹਾਂ ਹੋ ਕੇ ਬੈਠ ਸਕਦਾ ਸੀ ਤੇ ਨਾ ਹੀ ਖੂਨ ਪੂੰਝ ਸਕਦਾ ਸੀ। ਹੱਥ ਇੰਨੀ ਜ਼ੋਰ ਦੀ ਬੰਨ੍ਹੇ ਹੋਏ ਸਨ ਕਿ ਉਸਦੇ ਗੁਟ ਦੀ ਹੱਡੀ ਦੁਖ ਰਹੀ ਸੀ।

ਉਹ ਬਹੁਤ ਦੇਰ ਤੱਕ ਤੁਰਦੇ ਰਹੇ। ਇੱਕ ਪਹਾੜ ਤੋਂ ਦੂਜੇ ਪਹਾੜ 'ਤੇ ਚੜ੍ਹਦੇ ਉੱਤਰਦੇ। ਇੱਕ ਨਦੀ ਪੁੱਲ 'ਤੇ ਚਲ ਕੇ ਪਾਰ ਕੀਤੀ। ਸੜਕ 'ਤੇ ਪਹੁੰਚੇ ਤਾਂ ਤੰਗ ਘਾਟੀ ਤੋਂ ਹੋ ਕੇ ਜਾਣ ਲੱਗੇ।

ਜ਼ੀਲਿਨ ਰਸਤਾ ਯਾਦ ਕਰਨਾ ਚਾਹੁੰਦਾ ਸੀ ਕਿ ਉਸ ਨੂੰ ਕਿਧਰੋਂ ਲਿਜਾਇਆ ਜਾ ਰਿਹਾ ਹੈ, ਪਰ ਅੱਖਾਂ ਖ਼ੂਨ ਨਾਲ਼ ਲੱਥਪੱਥ ਸਨ ਤੇ ਉਹ ਸਿਰ ਵੀ ਨਹੀਂ ਸੀ ਘੁਮਾ ਸਕਦਾ।

ਹਨ੍ਹੇਰਾ ਹੋਣ ਲੱਗਾ, ਉਹਨਾਂ ਨੇ ਇੱਕ ਹੋਰ ਨਦੀ ਪਾਰ ਕੀਤੀ ਤੇ ਫਿਰ ਪਥਰੀਲੇ ਪਹਾੜ 'ਤੇ ਚੜਨ ਲੱਗੇ। ਧੂੰਏ ਦਾ ਮੁਸ਼ਕ ਆਇਆ, ਕੁੱਤੇ ਭੌਂਕਣ ਲੱਗੇ। ਉਹ ਲੋਕ ਪਿੰਡ ਪਹੁੰਚ ਗਏ। ਤਾਤਾਰ ਘੋੜੇ ਤੋਂ ਉਤਰ ਗਏ, ਉਹਨਾਂ ਨੇ ਬੱਚੇ ਇਕੱਠੇ ਹੋ ਗਏ, ਉਹਨਾਂ ਨੇ ਜ਼ੀਲਿਨ ਨੂੰ ਘੇਰ ਲਿਆ। ਖ਼ੁਸ਼ੀ ਨਾਲ਼ ਰੌਲਾ ਪਾਉਂਦੇ ਉਹ ਜ਼ੀਲਿਨ ਨੂੰ ਰੋੜੇ ਮਾਰਨ ਲੱਗੇ।

ਤਾਤਾਰ ਨੇ ਬੱਚਿਆਂ ਨੂੰ ਦੋੜਾ ਦਿੱਤਾ, ਜ਼ੀਲਿਨ ਨੂੰ ਘੋੜੇ ਤੋਂ ਥੱਲੇ ਲਾਹਿਆ ਗਿਆ ਤੇ ਆਪਣੇ ਨੌਕਰ ਨੂੰ ਆਵਾਜ਼ ਮਾਰੀ। ਇੱਕ ਨਗਾਈ* ਆਇਆ — ਗੱਲਾਂ ਦੀਆਂ ਹੱਡੀਆਂ ਉਭਰੀਆਂ ਹੋਈਆਂ,




ਕੁੜਤਾ ਜਿਹਾ ਪਾਈ। ਕੁੜਤਾ ਫਟਿਆ ਹੋਇਆ ਸੀ, ਸਾਰੀ ਛਾਤੀ ਨਜ਼ਰ ਆ ਰਹ ਸਾ। ਤਾਤਾਰ ਨੇ ਉਸ ਨੂੰ ਕੁੱਝ ਕਿਹਾ। ਨੌਕਰ ਜੰਜ਼ੀਰ ਲਿਆਇਆ : ਬਲੂਤ ਦੀ ਲਕੜੀ ਦੇ ਦੋ ਕੀਲੇ, ਉਹਨਾਂ 'ਤੇ ਲੋਹੇ ਦੇ ਕੜੇ ਲੱਗੇ ਹੋਏ, ਇੱਕ ਕੜੇ 'ਚ ਕੁੰਡਾ ਤੇ ਤਾਲਾ ਲੱਗਿਆ ਹੋਇਆ।

ਜ਼ੀਲਿਨ ਨੇ ਹੱਥ ਖੋਲ੍ਹ ਕੇ ਪੈਰਾਂ ਵਿੱਚ ਜੰਜ਼ੀਰਾਂ ਪਾ ਦਿੱਤੀਆਂ ਅਤੇ ਕੋਠੜੀ ਵਿੱਚ ਲੈ ਗਿਆ; ਉਸ ਨੂੰ ਕੋਠੜੀ ਵਿੱਚ ਧੱਕਾ ਦੇ ਕੇ ਦਰਵਾਜਾ ਬਾਹਰੋਂ ਬੰਦ ਕਰ ਦਿੱਤਾ। ਜ਼ੀਲਿਨ ਗੋਹੇ 'ਤੇ ਜਾ ਡਿੱਗਾ। ਹਨ੍ਹੇਰੇ ਵਿੱਚ ਲੱਭਦੇ ਲੱਭਦੇ ਉਸ ਨਰਮ ਜਗ੍ਹਾ ਲੱਭੀ ਤੇ ਲੰਮਾ ਪੈ ਗਿਆ।

---

* ਕਾਕੇਸ਼ੀਆ (ਕੋਹਕਾਫ਼) ਦੇ ਵਸਨੀਕਾਂ ਦੀ ਇੱਕ ਜਾਤੀ। ਇਨ੍ਹਾਂ ਲੋਕਾਂ ਦੀ ਭਾਸ਼ਾ ਤਾਤਾਰਾਂ ਨਾਲ਼ ਰਲ਼ਦੀ-ਮਿਲਦੀ ਹੈ। —ਸੰਪਾ.



## (2)

ਉਸ ਰਾਤ ਜ਼ੀਲਿਨ ਸੌਂ ਨਾ ਸਕਿਆ। ਰਾਤਾਂ ਛੋਟੀਆਂ ਸਨ। ਉਸ ਤਰੇੜ ਵਿੱਚੋਂ ਵੇਖਿਆ ਲੋਅ ਹੋ ਰਹੀ ਸੀ। ਉਹ ਉੱਠਕੇ ਤਰੇੜ ਕੋਲ ਗਿਆ, ਖੁਰਚ ਕੇ ਤਰੇੜ ਵੱਡੀ ਕੀਤੀ ਤੇ ਦੇਖਣ ਲੱਗਾ।

ਤਰੇੜ ਉਸ ਨੂੰ ਸੜਕ ਦਿਖਾਈ ਦੇ ਰਹੀ ਸੀ, ਜੋ ਪਹਾੜ ਦੇ ਹੇਠਾਂ ਚਲੀ ਜਾਂਦੀ ਸੀ। ਸੱਜੇ ਪਾਸੇ ਤਾਤਾਰ ਦਾ ਘਰ ਸੀ, ਉਸ ਦੇ ਕੋਲ ਦੋ ਦਰਖਤ ਉਗ ਰਹੇ ਸਨ। ਦਰਵਾਜੇ 'ਤੇ ਕਾਲ਼ਾ ਕੁੱਤਾ ਲਿਟਿਆ ਹੋਇਆ ਸੀ, ਬਕਰੀ ਮੇਮਣਿਆਂ ਨਾਲ ਘੁੰਮ ਰਹੀ ਸੀ, ਉਹ ਸਾਰੇ ਪੂੰਛਾਂ ਹਿਲਾ ਰਹੇ ਸਨ, ਜ਼ੀਲਿਨ ਨੇ ਵੇਖਿਆ ਢਲਾਣ ਵਲੋਂ ਇੱਕ ਜਵਾਨ ਤਾਤਾਰ ਔਰਤ ਚੜ੍ਹੀ ਆ ਰਹੀ ਸੀ। ਉਸ ਨੇ ਰੰਗਬਰੰਗੀ ਤੇ ਖੁਲ੍ਹੀ ਸਲਵਾਰ ਕਮੀਜ ਪਾਈ ਹੋਈ ਸੀ, ਪੈਰਾਂ ਵਿੱਚ ਗੋਡਿਆਂ ਤੱਕ ਉੱਚੇ ਲੰਮੇ ਬੂਟ ਸਨ ਸਿਰ ਕਫਤਾਨ ਨਾਲ ਢੱਕਿਆ ਹੋਇਆ ਸੀ ਤੇ ਸਿਰ 'ਤੇ ਟੀਨ ਦੀ ਗਾਗਰ ਚੁੱਕੀ ਹੋਈ ਸੀ, ਪਾਣੀ ਨਾਲ਼ ਭਰੀ ਹੋਈ ਸੀ। ਚਲਦੇ ਹੋਏ ਲੱਕ ਹੁਲਾਰੇ ਖਾ ਰਿਹਾ ਸੀ। ਉਹ ਇੱਕ ਸਿਰ ਮੁੰਨੇ ਹੋਏ ਮੁੰਡੇ ਦੀ ਉਂਗਲ ਫੜੀ ਉਸ ਨੂੰ ਨਾਲ਼ ਲਈ ਜਾ ਰਹੀ ਸੀ, ਮੁੰਡੇ ਨੇ ਬਸ ਇੱਕ ਕੁੜਤਾ ਹੀ ਪਾਇਆ ਹੋਇਆ ਸੀ। ਪਾਣੀ ਚੁੱਕੀ ਤਾਤਾਰੀ ਔਰਤ ਘਰ ਦੇ ਅੰਦਰ ਚਲੀ ਗਈ। ਘਰ ਵਿੱਚੋਂ ਇੱਕ ਤਾਤਾਰ ਨਿਕਲਿਆ — ਉਹੀ ਕੱਲ੍ਹ ਵਾਲਾ, ਲਾਲ ਦਾੜ੍ਹੀ ਵਾਲਾ। ਉਸ ਨੇ ਰੇਸ਼ਮੀ ਗਾਉਨ ਪਾਇਆ ਹੋਇਆ ਸੀ, ਕਮਰਬੰਦ 'ਤੇ ਚਾਂਦੀ ਦੇ ਕੰਮ ਵਾਲਾ ਖੰਜਰ ਲਟਕ ਰਿਹਾ ਸੀ, ਉਸ ਨੇ ਬਿਨਾਂ ਜੁਰਾਬਾ ਦੇ ਹੀ ਜੁੱਤੀ ਪਾਈ ਹੋਈ ਸੀ। ਸਿਰ 'ਤੇ ਉੱਚੀ ਟੋਪੀ ਸੀ, ਕਾਲੀ ਭੇਡ ਦੀ ਖਲ ਵਾਲੀ, ਪਿੱਛੇ ਨੂੰ ਮੁੜੀ

ਹੋਈ। ਬਾਹਰ ਨਿਕਲ ਕੇ ਉਸ ਨੇ ਅੰਗੜਾਈ ਲਈ, ਆਪਣੀ ਲਾਲ ਦਾੜ੍ਹੀ ਵਿੱਚ ਹੱਥ ਫੇਰਿਆ। ਥੋੜ੍ਹੀ ਦੇਰ ਲਈ ਖੜ੍ਹਾ ਰਿਹਾ ਫੇਰ ਆਪਣੇ ਨੌਕਰ ਨੂੰ ਕੁੱਝ ਕਿਹਾ ਤੇ ਉੱਥੋਂ ਚਲਾ ਗਿਆ।

ਦੋ ਮੁੰਡੇ ਘੋੜਿਆ 'ਤੇ ਸਵਾਰ ਹੋ ਕੇ ਨਦੀ ਵਲ ਗਏ, ਫਿਰ ਕੁੱਝ ਹੋਰ ਸਿਰ ਮੁੰਨੇ ਹੋਏ ਮੁੰਡੇ ਘਰਾਂ ਤੋਂ ਬਾਹਰ ਆਏ, ਸਾਰੇ ਹੀ ਸਿਰਫ ਕੁੜਤੇ ਪਾਈ, ਨੰਗੇ ਪੈਰ ਸਨ। ਉਹ ਇੱਕ ਝੁੰਡ ਵਿੱਚ ਖੜ੍ਹੇ ਹੋ ਗਏ, ਫਿਰ ਕੋਠੜੀ ਦੇ ਨੇੜੇ ਆਏ ਤੇ ਤਰੇੜ ਵਿੱਚ ਤਿਲੇ ਪਾਉਣ ਲੱਗੇ। ਜ਼ੀਲਿਨ ਨੇ ਜ਼ੋਰ ਨਾਲ ਆਵਾਜ਼ ਕੀਤੀ, ਬੱਚੇ ਚੀਕੇ ਤੇ ਦੌੜ ਗਏ, ਬਸ ਉਹਨਾਂ ਦੇ ਨੰਗੇ ਗੋਡੇ ਹੀ ਚਮਕਦੇ ਰਹੇ।

ਜ਼ੀਲਿਨ ਨੂੰ ਤਰੇਹ ਲੱਗੀ ਹੋਈ ਸੀ ਤੇ ਉਸ ਦਾ ਗਲਾ ਸੁੱਕ ਰਿਹਾ ਸੀ। ਉਹ ਮਨ ਹੀ ਮਨ ਵਿੱਚ ਕਹਿ ਰਿਹਾ ਸੀ ਕਿ ਕੋਈ ਖਬਰ ਲੈਣ ਹੀ ਆ ਜਾਂਦਾ। ਉਸ ਵਕਤ ਉਸ ਨੂੰ ਕੋਠੜੀ ਖੁੱਲਣ ਦੀ ਆਵਾਜ਼ ਸੁਣਾਈ ਦਿੱਤੀ। ਲਾਲ ਤਾਤਾਰ ਆਇਆ ਤੇ ਉਸ ਦੇ ਨਾਲ਼ ਇੱਕ ਕਾਲ਼ਾ ਤਾਤਾਰ ਵੀ ਸੀ, ਉਸ ਤੋਂ ਥੋੜ੍ਹੇ ਛੋਟੇ ਕੱਦ ਦਾ, ਅੱਖਾਂ ਕਾਲ਼ੀਆਂ, ਲਾਲ ਗੱਲ੍ਹਾਂ, ਛੋਟੀ ਜਿਹੀ ਝੜੀ ਹੋਈ ਦਾੜ੍ਹੀ। ਸ਼ਕਲ ਤੋਂ ਉਹ ਖੁਸ਼ਮਿਜਾਜ ਲੱਗਦਾ ਸੀ, ਉਹ ਹੱਸੀ ਜਾ ਰਿਹਾ ਸੀ। ਉਸ ਨੇ ਹੋਰ ਵੀ ਵਧੀਆਂ ਕੱਪੜੇ ਪਾਏ ਹੋਏ ਸਨ – ਨੀਲਾ ਅੰਗਰਖਾ ਜਿਸ 'ਤੇ ਡੋਰੀਆਂ ਲੱਗੀਆਂ ਹੋਈਆਂ ਸਨ, ਲੱਕ 'ਤੇ ਚਾਂਦੀ ਦੇ ਕੰਮ ਵਾਲਾ ਖੰਜ਼ਰ ਲਟਕ ਰਿਹਾ ਸੀ। ਪੈਰਾਂ ਵਿੱਚੋਂ ਪਤਲੇ ਚਮੜੇ ਦੀਆਂ ਲਾਲ ਜੁੱਤੀਆਂ ਪਾਈਆਂ ਹੋਈਆਂ ਸਨ – ਜ਼ਰੀ ਦੇ ਕੰਮ ਵਾਲੀਆਂ ਤੇ ਉਹਨਾਂ 'ਤੇ ਮੋਟੀ ਜੁੱਤੀ ਸੀ। ਸਿਰ 'ਤੇ ਚਿੱਟੀ ਭੇਡ ਦੀ ਉੱਚੀ ਟੋਪੀ ਸੀ।

ਲਾਲ ਤਾਤਾਰ ਅੰਦਰ ਆਇਆ, ਕੁੱਝ ਬੋਲਿਆ ਜਿਵੇਂ ਗੁੱਸੇ ਹੋ ਰਿਹਾ ਹੋਵੇ ਤੇ ਕੰਧ ਦਾ ਸਹਾਰਾ ਲੈ ਕੇ ਖੜ੍ਹਾ ਹੋ ਗਿਆ। ਉਹ ਖੰਜ਼ਰ ਨੂੰ ਹਿਲਾਉਂਦੇ ਹੋਏ ਤੇ ਇੱਕ ਖਤਰਨਾਕ ਭੇੜੀਏ ਵਾਂਗ ਜ਼ੀਲਿਨ ਵਲ ਵੇਖਣ ਲੱਗਾ। ਕਾਲ਼ਾ ਤਾਤਾਰ ਬਹੁਤ ਤੇਜ਼ ਸੀ ਤੇ ਛਾਲਾਂ ਮਾਰਦਾ ਹੋਇਆ ਚੱਲਦਾ ਸੀ। ਉਹ ਜ਼ੀਲਿਨ ਕੋਲ ਆ ਗਿਆ, ਪੈਰਾਂ ਭਾਰ ਬਹਿ ਗਿਆ, ਆਪਣੇ ਭਰਵੱਟੇ ਸੁੰਗੇੜ ਲਏ, ਜ਼ੀਲਿਨ ਦੇ ਮੋਢੇ 'ਤੇ ਥਾਪੀ ਦੇਣ ਲੱਗਾ ਤੇ ਛੇਤੀ ਛੇਤੀ ਆਪਣੀ ਬੋਲੀ ਵਿੱਚ ਕੁੱਝ ਬੋਲਣ ਲੱਗ ਪਿਆ। ਨਾਲ਼ ਨਾਲ਼ ਅੱਖ ਮਾਰੀ ਚਲੇ, ਜੀਭ ਨਾਲ ਚ ਚ ਕਰੀ ਚਲੇ ਤੇ ਵਿੱਚ ਵਿੱਚ ਬੋਲਦਾ ਜਾਵੇ : "ਅੱਛਾ ਉਰੂਸ*! ਅੱਛਾ ਉਰੂਸ!"

ਜ਼ੀਲਿਨ ਕੁੱਝ ਨਾ ਸਮਝਿਆ ਤੇ ਬੋਲਿਆ; "ਪਾਣੀ ਦਿਓ, ਪਾਣੀ।"

ਕਾਲ਼ਾ ਲਗਾਤਾਰ ਹੱਸੀ ਜਾ ਰਿਹਾ ਸੀ। "ਅੱਚਾ ਉਰੂਸ", ਆਪਣੀ ਬੋਲੀ ਵਿੱਚ ਬੋਲੀ ਜਾ ਰਿਹਾ ਸੀ।

ਜ਼ੀਲਿਨ ਨੇ ਬੁੱਲਾਂ ਤੇ ਹੱਥਾਂ ਨਾਲ਼ ਇਸ਼ਾਰਾ ਕਰ ਕੇ ਦੱਸਿਆ ਕਿ ਉਸ ਨੂੰ ਤਰੇਹ ਲੱਗੀ ਹੈ।

ਕਾਲਾ ਤਾਤਾਰ ਸਮਝ ਗਿਆ ਤੇ ਹੱਸ ਪਿਆ, ਉਸ ਨੇ ਦਰਵਾਜੇ ਵੱਲ ਦੇਖਿਆ ਤੇ ਕਿਸੇ ਨੂੰ ਆਵਾਜ਼ ਮਾਰੀ "ਦੀਨਾ।"

ਇੱਕ ਕੁੜੀ ਭੱਜੀ ਭੱਜੀ ਆਈ, ਪਤਲੀ ਜਿਹੀ, ਲਗਭਗ 13 ਕੁ ਸਾਲਾਂ ਦੀ, ਸ਼ਕਲ ਸੂਰਤ ਤੋਂ ਬਿਲਕੁੱਲ ਕਾਲ਼ੇ ਤਾਤਾਰ ਵਰਗੀ। ਉਸ ਦੀ ਧੀ ਹੀ ਹੋਵੇਗੀ। ਉਸ ਦੀਆਂ ਅੱਖਾਂ ਵੀ ਕਾਲ਼ੀਆਂ ਤੇ ਚਮਕਦਾਰ

ਸਨ ਤੇ ਚਿਹਰਾ ਸੋਹਣਾ ਸੀ। ਉਹਨੇ ਨੀਲੇ ਲੰਮੇ ਰੰਗ ਦੀ ਕਮੀਜ ਪਾਈ ਹੋਈ ਸੀ, ਚੌੜੀਆਂ ਬਾਹਾਂ ਵਾਲੀ, ਕਮਰਬੰਦ ਤੋਂ ਬਗੈਰ। ਕਮੀਜ ਦੇ ਪੱਲੇ, ਛਾਤੀ ਤੇ ਬਾਹਾਂ 'ਤੇ ਲਾਲ ਗੋਟਾ ਲੱਗਿਆ ਹੋਇਆ ਸੀ, ਉਸ ਨੇ ਸਲਵਾਰ ਪਾਈ ਹੋਈ ਸੀ। ਪੈਰਾਂ ਵਿੱਚ ਪਤਲੀ ਜੁੱਤੀ ਤੇ ਉਸ ਦੇ ਉੱਤੇ ਉੱਚੀ ਅੱਡੀ ਦੀਆਂ ਦੂਜੀ ਮੋਟੀ ਜੁੱਤੀ ਸੀ। ਗਲ ਵਿੱਚ ਪੰਜਾਹ ਕੋਪੇਕ ਦੀ ਰੂਸੀ ਸਿੱਕਿਆਂ ਦੀ ਮਾਲਾ ਸੀ। ਸਿਰ ਨੰਗਾ ਸੀ; ਕਾਲੀ ਗੁੱਤ ਤੇ ਗੁੱਤ ਵਿੱਚ ਰੀਬਨ ਗੁੰਦਿਆ ਹੋਇਆ ਸੀ, ਰਿਬਨ 'ਤੇ ਪਤਰੀਆਂ ਅਤੇ ਚਾਂਦੀ ਦਾ ਰੂਬਲ ਲੱਗਿਆ ਹੋਇਆ ਸੀ।

ਪਿਓ ਨੇ ਉਸ ਨੂੰ ਕੁੱਝ ਕਿਹਾ। ਉਹ ਦੌੜ ਗਈ ਤੇ ਫਿਰ ਵਾਪਸ ਆ ਗਈ ਜਸਤੇ ਦੀ ਸੁਰਾਹੀ ਲਿਆਈ। ਉਸ ਨੇ ਡ਼ੀਲਿਨ ਨੂੰ ਪਾਣੀ ਦੇ ਦਿੱਤਾ ਤੇ ਆਪ ਉਸ ਦੇ ਮੂਹਰੇ ਪੈਰਾਂ ਭਾਰ ਹੋ ਕੇ ਇੰਝ ਗੱਠੜੀ ਗਈ ਕਿ ਮੋਢੇ, ਗੋਡਿਆ ਤੋਂ ਵੀ ਨੀਵੇਂ ਹੋ ਗਏ। ਉਹ ਅੱਖਾਂ ਪਾੜ ਪਾੜ ਕੇ ਵੇਖਣ ਲੱਗ ਪਈ ਕਿ ਕਿਵੇਂ ਡ਼ੀਲਿਨ ਪਾਣੀ ਪੀ ਰਿਹਾ ਸੀ, ਜਿਵੇਂ ਉਹ ਕੋਈ ਜਾਨਵਰ ਹੋਵੇ।

ਡ਼ੀਲਿਨ ਨੇ ਉਸ ਨੂੰ ਸੁਰਾਹੀ ਮੋੜੀ। ਉਹ ਜੰਗਲੀ ਬੱਕਰੀ ਵਾਂਗ ਉਛਲ ਕੇ ਪਿੱਛੇ ਹੱਟੀ, ਉਸ ਦਾ ਪਿਓ ਵੀ ਹੱਸ ਪਿਆ। ਫਿਰ ਉਸ ਨੇ ਉਸ ਨੂੰ ਕਿਤੇ ਭੇਜ ਦਿੱਤਾ। ਉਸ ਨੇ ਸੁਰਾਹੀ ਚੁੱਕੀ ਦੇ ਦੌੜ ਗਈ। ਗੋਲ ਪਟਰੀ ਤੇ ਫਿੱਕੀ ਰੋਟੀ ਲਿਆਈ, ਫਿਰ ਬੈਠ ਗਈ, ਗਠੜੀ ਬਣ ਗਈ ਤੇ ਇੱਕ ਟਕ ਡ਼ੀਲਿਨ ਨੂੰ ਵੇਖੀ ਗਈ।

ਤਾਤਾਰ ਚਲੇ ਗਏ ਤੇ ਦਰਵਾਜਾ ਬੰਦ ਕਰ ਗਏ।

ਥੋੜੀ ਦੇਰ ਬਾਅਦ ਨਗਾਈ ਆਇਆ, ਬੋਲਿਆ:

"ਏ, ਮਾਲਕ, ਓ – ਓ!"

ਉਸ ਨੂੰ ਵੀ ਰੂਸੀ ਨਹੀਂ ਸੀ ਆਉਂਦੀ। ਪਰ ਡ਼ੀਲਿਨ ਸਮਝ ਗਿਆ ਕਿ ਉਹ ਕਿਤੇ ਜਾਣ ਲਈ ਕਹਿ ਰਿਹਾ ਹੈ।

ਡ਼ੀਲਿਨ ਬੇੜੀਆਂ ਸਣੇ ਤੁਰ ਪਿਆ, ਉਹ ਲੰਗ ਮਾਰ ਰਿਹਾ ਸੀ, ਉਸ ਤੋਂ ਪੈਰ ਨਹੀਂ ਸੀ ਰਖਿਆ ਜਾ



ਰਿਹਾ, ਉਹ ਇੱਕ ਪਾਸੇ ਨੂੰ ਮੁੜ ਮੁੜ ਜਾਂਦਾ ਸੀ। ਝੀਲਿਨ ਨਗਾਈ ਦੇ ਪਿੱਛੇ ਪਿੱਛੇ ਬਾਹਰ ਨਿਕਲਿਆ, ਉਸ ਨੇ ਵੇਖਿਆ ਕਿ ਇਹ ਦਸ ਕੁ ਘਰਾਂ ਦਾ ਪਿੰਡ ਹੈ ਤੇ ਇੱਕ ਮੀਨਾਰ ਵਾਲੀ ਮਸਜਿਦ ਹੈ। ਇੱਕ ਘਰ ਕੋਲ ਤਿੰਨ ਘੋੜੇ ਖੜੇ ਸਨ – ਕਾਠੀਆਂ ਕੱਸੇ ਹੋਏ। ਮੁੰਡਿਆ ਨੇ ਲਗਾਮਾਂ ਫੜੀਆਂ ਹੋਈਆਂ ਸਨ। ਉਸ ਘਰ ਵਿੱਚੋਂ ਕਾਲ਼ਾ ਤਾਤਾਰ ਨਿਕਲਿਆ, ਉਹ ਹੱਥ ਹਿਲਾਉਣ ਲਗਾ ਕਿ ਝੀਲਿਨ ਉੱਧਰ ਆਵੇ। ਉਹ ਹੱਸੀ ਜਾ ਰਿਹਾ ਸੀ ਤੇ ਆਪਣੇ ਬੋਲੀ ਵਿੱਚ ਕੁੱਝ ਬੋਲੀ ਜਾ ਰਿਹਾ ਸੀ, ਫਿਰ ਉਹ ਦਰਵਾਜ਼ੇ ਦੇ ਅੰਦਰ ਚਲਾ ਗਿਆ। ਝੀਲਿਨ ਘਰ ਅੰਦਰ ਵੜਿਆ। ਬੈਠਕ ਵਧੀਆਂ ਸੀ, ਕੰਧਾਂ ਚੀਕਣੀ ਮਿੱਟੀ ਨਾਲ਼ ਲਿਪੀਆਂ ਹੋਈਆਂ ਸਨ। ਸਾਹਮਣੇ ਵਾਲੀ ਕੰਧ ਦੇ ਆਲੇ ਵਿੱਚ ਰੰਗ-ਬਰੰਗੇ ਸਿਰਾਣਿਆਂ ਦਾ ਢੇਰ ਲੱਗਿਆ ਹੋਇਆ ਸੀ। ਆਲੇ ਦੁਆਲੇ ਕੀਮਤੀ ਕਾਲੀਨ ਟੰਗੇ ਹੋਏ ਸਨ; ਕਾਲੀਨ ’ਤੇ ਬੰਦੂਕਾਂ ਤੇ ਪਿਸਤੌਲ ਪਏ ਸਨ ਤੇ ਸਭ ’ਤੇ ਚਾਂਦੀ ਦਾ ਕੰਮ ਹੋਇਆ ਹੋਇਆ ਸੀ। ਇੱਕ ਕੰਧ ਤੇ ਫਰਸ ਨੇ ਨਾਲ਼ ਹੀ ਅੰਗੀਠੀ ਬਣੀ ਹੋਈ ਸੀ। ਫਰਸ ਵੀ ਮਿੱਟੀ ਦਾ ਸੀ, ਬਿਲਕੁੱਲ ਸਾਫ, ਸਾਹਮਣੇ ਵਾਲੇ ਕੋਨੇ ਵਿੱਚ ਨਮਦਾ ਵਿਛਿਆ ਹੋਇਆ ਸੀ। ਨਮਦੇ ਤੇ ਕਲੀਨ ਤੇ ਉਹਨਾਂ ’ਤੇ ਪਰਾਂ ਦੇ ਬਣੇ ਸਿਰਹਾਣੇ ਪਏ ਸਨ। ਕਾਲੀਨ ’ਤੇ ਪਤਲੀਆਂ ਜੁੱਤੀਆਂ ਪਾਈ ਤਾਤਾਰ ਬੈਠੇ ਸਨ; ਕਾਲ਼ਾ, ਲਾਲ ਤੇ ਤਿੰਨ ਮਹਿਮਾਨ। ਸਾਰਿਆ ਦੀਆਂ ਪਿੱਠਾਂ ਪਿੱਛੇ ਗੋਲ ਸਿਰਹਾਣੇ ਸਨ। ਉਹਨਾਂ ਸਾਹਮਣੇ ਗੋਲ ਪਟਰੇ ਤੇ ਬਾਜਰੇ ਦੀਆਂ ਟਿਕੀਆਂ ਪਈਆਂ ਸਨ ਤੇ ਇੱਕ ਕੱਪ ਵਿੱਚ ਪਿਘਲਿਆ ਹੋਇਆ ਮੱਖਣ ਪਿਆ ਸੀ। ਸੁਰਾਹੀ ਵਿੱਚ ਤਾਤਾਰਿਆਂ ਦੀ ਬੀਅਰ – ਬੂਜਾ ਪਈ ਸੀ। ਉਹ ਹੱਥਾਂ ਨਾਲ ਖਾ ਰਹੇ ਸਨ ਉਹਨਾਂ ਦੀਆਂ ਉਂਗਲਾ ਮੱਖਣ ਨਾਲ਼ ਲਿਬੜੀਆਂ ਹੋਈਆਂ ਸਨ।

ਕਾਲ਼ਾ ਤਾਤਾਰ ਖੜਾ ਹੋ ਗਿਆ, ਉਸ ਨੇ ਝੀਲਿਨ ਨੂੰ ਇੱਕ ਪਾਸੇ ਬਿਠਾਉਣ ਲਈ ਕਿਹਾ, ਕਾਲੀਨ ’ਤੇ ਨਹੀਂ ਸਗੋਂ ਨੰਗੇ ਫਰਸ਼ ’ਤੇ। ਤੇ ਆਪ ਮੁੜ ਕਲੀਨ ’ਤੇ ਜਾ ਬੈਠਾ ਤੇ ਮਹਿਮਾਨਾਂ ਨੂੰ ਟਿਕੀਆਂ ਤੇ ਬੂਜਾ ਦੇਣ ਲੱਗਿਆ। ਨੌਕਰ ਨੇ ਝੀਲਿਨ ਨੂੰ ਉਹ ਦੀ ਥਾਂ ’ਤੇ ਬਿਠਾ ਦਿੱਤਾ ਤੇ ਆਪ ਉੱਪਰਲੀ ਜੁੱਤੀ ਲਾਹੀ ਤੇ ਉਸ ਨੂੰ ਦਰਵਾਜੇ ਕੋਲ ਰੱਖਿਆ ਜਿੱਥੇ ਦੂਜਿਆਂ ਦੀਆਂ ਵੀ ਜੁੱਤੀਆਂ ਰੱਖੀਆਂ ਹੋਈਆਂ ਸਨ ਤੇ ਆਪਣੇ ਮਾਲਕਾਂ ਕੋਲ਼ ਨਮਦੇ ’ਤੇ ਬੈਠ ਗਿਆ। ਉਹਨਾਂ ਨੂੰ ਖਾਂਦਿਆਂ ਵੇਖੀ ਜਾਵੇ ਤੇ ਲਾਲ੍ਹਾਂ ਸੁੱਟੀ ਜਾਵੇ।

ਤਾਤਾਰਾਂ ਨੇ ਟਿੱਕੀਆਂ ਖਾ ਲਈਆਂ। ਇੱਕ ਔਰਤ ਆਈ ਜਿਸਨੇ ਕੁੜੀਆਂ ਵਰਗੀ ਹੀ ਸਲਵਾਰ ਕਮੀਜ ਪਾਈ ਹੋਈ ਸੀ ਤੇ ਸਿਰ ’ਤੇ ਕਸਾਬਾ ਬੰਨਿਆਂ ਹੋਇਆ ਸੀ। ਉਹ ਮੱਖਣ ਤੇ ਟਿੱਕੀਆਂ ਲੈ ਗਈ ਤੇ ਲੱਕੜ ਦੀ ਚਿਲਮਚੀ ਤੇ ਪਤਲੀ ਗਰਦਨ ਵਾਲੀ ਸੁਰਾਹੀ ਲਿਆਈ। ਤਾਤਾਰ ਹੱਥ ਧੋਣ ਲੱਗੇ ਤੇ ਫਿਰ ਗੋਡਿਆਂ ਭਾਰ ਬੈਠ ਗਏ, ਹੱਥ ਜੋੜੇ, ਚਾਰੇ ਪਾਸੇ ਫੂਕ ਮਾਰੀ ਤੇ ਦੁਆ ਪੜਨ ਲੱਗੇ। ਫਿਰ ਉਹ ਆਪਸ ਵਿੱਚ ਗੱਲਾਂ ਕਰਨ ਲੱਗੇ। ਫਿਰ ਮਹਿਮਾਨਾਂ ਵਿੱਚੋਂ ਇੱਕ ਤਾਤਾਰ ਝੀਲਿਨ ਵੱਲ ਮੁੜਿਆ ਤੇ ਰੂਸੀ ਵਿੱਚ ਬੋਲਣ ਲੱਗਾ:

“ਤੈਨੂੰ ਕਾਜੀ ਮੁਹੰਮਦ ਨੇ ਫੜਿਆ ਹੈ”, ਤੇ ਉਸ ਨੇ ਲਾਲ ਤਾਤਾਰ ਵੱਲ ਇਸ਼ਾਰਾ ਕੀਤਾ, “ਅਤੇ ਅਬਦੁਲ ਮੁਰਾਦ ਨੂੰ ਦੇ ਦਿੱਤਾ”, ਕਾਲ਼ੇ ਤਾਤਾਰ ਵਲ ਇਸ਼ਾਰਾ ਕੀਤਾ, “ਹੁਣ ਅਬਦੁਲ ਮੁਰਾਦ ਤੇਰਾ ਮਾਲਕ

ਹੈ"।

ਜ਼ੀਲਿਨ ਚੁਪ ਬੈਠਿਆ ਰਿਹਾ, ਅਬਦੁਲ ਮੁਰਾਦ ਵਾਰ ਵਾਰ ਜ਼ੀਲਿਨ ਵਲ ਦੇਖਦਾ ਜਾਵੇ ਤੇ ਹੱਸਦਾ ਜਾਵੇ, ਉਹ ਬੋਲਿਆ; ਉਰੂਸ ਸਿਪਾਹੀ, ਅੱਚਾ ਉਰੂਸ।" ਦੁਭਾਸ਼ੀਆ ਬੋਲਿਆ, "ਉਹ ਕਹਿੰਦਾ ਹੈ ਕਿ ਤੂੰ ਘਰ ਚਿੱਠੀ ਲਿਖ ਤਾਂ ਜੋ ਉਹ ਤੇਰੇ ਬਦਲੇ ਪੈਸੇ ਭੇਜਣ। ਜਦੋਂ ਪੈਸੇ ਆ ਜਾਣਗੇ ਤਾਂ ਉਹ ਤੈਨੂੰ ਛੱਡ ਦੇਏਗਾ।"



ਜ਼ੀਲਿਨ ਕੁੱਝ ਦੇਰ ਸੋਚਦਾ ਰਿਹਾ, ਫਿਰ ਬੋਲਿਆ:

"ਕਿੰਨੇ ਪੈਸੇ ਚਾਹੁੰਦਾ ਹੈ ?"

ਤਾਤਾਰ ਗੱਲਾਂ ਕਰਨ ਲੱਗੇ, ਦੁਭਾਸ਼ੀਆ ਬੋਲਿਆ:

"ਤਿੰਨ ਹਜ਼ਾਰ ਸਿੱਕੇ।"

"ਨਹੀਂ ਇੰਨੇ ਮੈਂ ਨਹੀਂ ਦੇ ਸਕਦਾ।" ਜ਼ੀਲਿਨ ਨੇ ਜਵਾਬ ਦਿੱਤਾ।

ਅਬਦੁਲ ਉਛਲ ਕੇ ਖੜਾ ਹੋ ਗਿਆ; ਹੱਥ ਹਿਲਾਉਣ ਲੱਗਾ ਤੇ ਜ਼ੀਲਿਨ ਨੂੰ ਕੁੱਝ ਕਹਿਣ ਲੱਗਾ, ਉਹ ਸੋਚ ਰਿਹਾ ਸੀ ਕਿ ਜ਼ੀਲਿਨ ਸਮਝ ਜਾਏਗਾ। ਦੁਭਾਸ਼ੀਏ ਨੇ ਦਸਿਆ: "ਕਿੰਨਾ ਦੇਏਂਗਾ ਤੂੰ ?" ਜ਼ੀਲਿਨ ਸੋਚਦਾ ਰਿਹਾ ਤੇ ਫਿਰ ਬੋਲਿਆ, "ਪੰਜ ਸੌ ਰੂਬਲ।" ਸਾਰੇ ਤਾਤਾਰ ਇਕੱਠਿਆ ਜਲਦੀ ਜਲਦੀ ਬੋਲਣ ਲੱਗੇ। ਅਬਦੁਲ ਲਾਲ ਤਾਤਾਰ 'ਤੇ ਖਿਝਣ ਲੱਗਾ, ਉਹ ਇੰਨੀ ਜ਼ੋਰ ਨਾਲ਼ ਗਿਟਪਿਟ ਕਰਨ ਲੱਗਾ ਕਿ ਉਸ ਦੇ ਮੂੰਹੋ ਥੁੱਕ ਨਿਕਲਣ ਲੱਗ ਪਿਆ। ਲਾਲ ਤਾਤਾਰ ਬਸ ਅੱਖਾਂ ਸੁੰਗੇੜੀ ਗਿਆ ਤੇ ਜੀਭ ਨਾਲ਼ ਚੁ ਚੁ ਕਰੀ ਗਿਆ।

ਉਹ ਜਦੋਂ ਚੁੱਪ ਕਰ ਗਏ ਤਦ ਦੁਭਾਸ਼ੀਏ ਨੇ ਕਿਹਾ:

"ਮਾਲਕ ਲਈ ਪੰਜ ਸੌ ਰੂਬਲ ਥੋੜੇ ਹਨ। ਉਸ ਨੇ ਆਪ ਤੇਰੇ ਬਦਲੇ 200 ਰੂਬਲ ਦਿੱਤੇ ਹਨ। ਕਾਜੀ ਮੁਹੰਮਦ ਉਸ ਦਾ ਕਰਜ਼ਦਾਰ ਸੀ। ਉਸ ਨੇ ਤੈਨੂੰ ਕਰਜੇ ਬਦਲੇ ਲਿਆ ਹੈ। ਤਿੰਨ ਹਜ਼ਾਰ ਰੂਬਲ ਤੋਂ ਘੱਟ ਨਹੀਂ ਹੋ ਸਕਦਾ। ਜੇ ਤੂੰ ਨਹੀਂ ਲਿਖੇਗਾ ਤਾਂ ਤੈਨੂੰ ਟੋਏ ਵਿੱਚ ਸੁੱਟ ਦਿੱਤਾ ਜਾਵੇਗਾ ਤੇ ਕੁਟਾਪਾ ਚਾੜਿਆ ਜਾਵੇਗਾ।"

ਜ਼ੀਲਿਨ ਨੇ ਆਪਣੇ ਮਨ ਵਿੱਚ ਸੋਚਿਆ: "ਇਹਨਾਂ ਅੱਗੇ ਝੁਕਣ ਨਾਲ ਤਾਂ ਹੋਰ ਮਾੜਾ ਹੀ ਹੋਵੇਗਾ"

ਉਹ ਉਠ ਖੜੋਤਾ ਤੇ ਬੋਲਿਆ:

"ਤੂੰ ਉਸਨੂੰ ਕਹਿ ਦੇ ਕਿ ਜੇਕਰ ਉਹ ਮੈਨੂੰ ਡਰਾਉਣਾ ਚਾਹੁੰਦਾ ਹੈ ਤਾਂ ਮੈਂ ਇੱਕ ਕੋਪੇਕ ਵੀ ਨਹੀਂ

ਦੇਆਂਗਾ ਤੇ ਘਰੇ ਚਿੱਠੀ ਵੀ ਨਹੀਂ ਲਿਖਾਂਗਾ। ਮੈਂ ਤੁਹਾਡੇ ਤੋਂ ਨਾ ਕਦੇ ਡਰਿਆ ਹਾਂ ਨਾ ਕਦੇ ਡਰਾਂਗਾ।"

ਦੁਭਾਸ਼ੀਏ ਨੇ ਉਸ ਦੀ ਗਲ ਉਹਨਾਂ ਨੂੰ ਦਸ ਦਿੱਤੀ; ਫਿਰ ਸਾਰੇ ਇਕੱਠੇ ਬੋਲਣ ਲੱਗੇ। ਉਹ ਬਹੁਤ ਦੇਰ ਤੱਕ ਗਿਟਪਿਟ ਕਰਦੇ ਰਹੇ ਫਿਰ ਕਾਲ਼ਾ ਤਾਤਾਰ ਉਠਿਆ, ਝੀਲਿਨ ਕੋਲ ਆਇਆ ਤੇ ਕਹਿਣ ਲੱਗਿਆ:

"ਉਰੂਸ ਜਿਗੀਤ, ਜਿਗੀਤ ਉਰੂਸ!"

ਜਿਗੀਤ ਦਾ ਉਹਨਾਂ ਦੀ ਬੋਲੀ ਵਿੱਚ ਮਤਲਬ ਹੈ; ਬਹੁਤ ਚੰਗਾ ਹੈ। ਤਾਤਾਰ ਆਪ ਹੱਸੀ ਜਾ ਰਿਹਾ ਸੀ। ਉਸ ਨੇ ਦੁਭਾਸ਼ੀਏ ਨੂੰ ਕੁੱਝ ਕਿਹਾ ਤੇ ਉਹ ਬੋਲਿਆ:

"ਚਲ, ਇੱਕ ਹਜ਼ਾਰ ਦੇ ਦੇ।"

ਝੀਲਿਨ ਆਪਣੀ ਗੱਲ 'ਤੇ ਅੜ ਗਿਆ: "ਪੰਜ ਸੌ ਰੂਬਲ ਤੋਂ ਵਧ ਨਹੀਂ ਦਿਆਂਗਾ, ਜੇਕਰ ਮਾਰ ਦਿਓਗੇ ਤਾਂ ਕੁੱਝ ਵੀ ਨਹੀਂ ਮਿਲੇਗਾ।"

ਤਾਤਾਰਾਂ ਨੇ ਆਪਸ ਵਿੱਚ ਕੁੱਝ ਗੱਲਬਾਤ ਕੀਤੀ। ਨੌਕਰ ਨੂੰ ਕਿਤੇ ਭੇਜਿਆ ਤੇ ਆਪ ਵੀ ਕਦੇ ਝੀਲਿਨ ਤੇ ਕਦੇ ਦਰਵਾਜੇ ਵੱਲ ਝਾਕਣ ਲੱਗੇ। ਨੌਕਰ ਆਇਆ, ਉਸ ਪਿੱਛੇ ਕੋਈ ਮੋਟਾ ਜਿਹਾ ਆਦਮੀ ਤੁਰਿਆ ਆ ਰਿਹਾ ਸੀ – ਨੰਗੇ ਪੈਰ, ਫਟੇ ਹਾਲ, ਉਸ ਦੇ ਪੈਰਾਂ ਤੇ ਵੀ ਜੰਜ਼ੀਰਾਂ ਸਨ।

ਝੀਲਿਨ ਦੇਖ ਕੇ ਦੰਗ ਰਹਿ ਗਿਆ ਉਹ ਕਸਤੀਲਿਨ ਨੂੰ ਪਹਿਚਾਣ ਗਿਆ। ਉਸ ਨੂੰ ਵੀ ਫੜ ਲਿਆ ਗਿਆ ਸੀ। ਉਹਨਾਂ ਨੇ ਦੋਹਾਂ ਨੂੰ ਨਾਲ਼ ਨਾਲ਼ ਬਿਠਾ ਦਿੱਤਾ। ਉਹ ਦੋਵੇਂ ਇੱਕ ਦੂਜੇ ਨੂੰ ਆਪ ਬੀਤੀ ਸੁਣਾਉਣ ਲੱਗੇ, ਤਾਤਾਰ ਚੁੱਪ ਚਾਪ ਉਹਨਾਂ ਨੂੰ ਦੇਖਦੇ ਰਹੇ। ਝੀਲਿਨ ਨੇ ਆਪਣੇ ਨਾਲ ਜੋ ਕੁਝ ਵਾਪਰਿਆ ਸੀ ਉਹ ਦੱਸਿਆ। ਕਸਤੀਲਿਨ ਨੇ ਦੱਸਿਆ ਕਿ ਉਸ ਦਾ ਘੋੜਾ ਅੜ ਗਿਆ ਸੀ, ਬੰਦੂਕ ਵੀ ਨਹੀਂ ਚੱਲੀ ਤੇ ਬਸ ਕਿਸੇ ਅਬਦੁਲ ਨੇ ਉਸ ਨੂੰ ਫੜ ਲਿਆ ਸੀ।

ਅਬਦੁਲ ਉਛਾਲਾ ਖਾ ਕੇ ਖੜਾ ਹੋਇਆ; ਉਹ ਕਸਤੀਲਿਨ ਵਲ ਇਸ਼ਾਰਾ ਕਰ ਕਰਕੇ ਕੁੱਝ ਕਹਿਣ ਲੱਗਾ। ਦੁਭਾਸ਼ੀਏ ਨੇ ਦਸਿਆ ਕਿ ਹੁਣ ਉਹ ਇਕੋ ਹੀ ਮਾਲਕ ਦੇ ਗੁਲਾਮ ਹਨ; ਜੋ ਪਹਿਲੋਂ ਪੈਸੇ ਦੇਏਗਾ ਉਹੀ ਪਹਿਲਾਂ ਛੁੱਟੇਗਾ। ਉਹ ਝੀਲਿਨ ਨੂੰ ਆਖਣ ਲੱਗਾ:

"ਵੇ ਤੂੰ ਗੁਸਾ ਕਰਦਾ ਏ ਤੇ ਤੇਰਾ ਸਾਥੀ ਠੰਡੇ ਮਿਜਾਜ ਦਾ ਏ। ਉਸ ਨੇ ਘਰੇ ਲਿਖ ਭੇਜਿਆ ਹੈ, ਉਹ ਪੰਜ ਹਜ਼ਾਰ ਸਿੱਕੇ ਭੇਜਣਗੇ ਹੁਣ ਉਸ ਨੂੰ ਖਾਣ ਨੂੰ ਵੀ ਚੰਗਾ ਮਿਲੇਗਾ ਤੇ ਉਸ ਨੂੰ ਤੰਗ ਵੀ ਨਹੀਂ ਕਰਾਂਗੇ।"

ਝੀਲਿਨ ਨੇ ਜਵਾਬ ਦਿੱਤਾ:

"ਸਾਥੀ ਜੋ ਚਾਹੇ ਕਰੇ; ਹੋ ਸਕਦਾ ਹੈ ਕਿ ਉਹ ਅਮੀਰ ਹੋਵੇ, ਪਰ ਮੈਂ ਅਮੀਰ ਨਹੀਂ। ਜਿਵੇਂ ਮੈਂ ਕਿਹਾ ਹੈ ਉਹ ਹੀ ਹੋਵੇਗਾ। ਜੀਅ ਕਰੇ ਤਾਂ ਮਾਰ ਦਿਓ, ਤੁਹਾਡੇ ਹੱਥ ਕੁਝ ਨਹੀਂ ਲੱਗਣ ਵਾਲਾ । ਪਰ ਮੈਂ ਪੰਜ ਸੌ ਰੂਬਲ ਤੋਂ ਵਧ ਨਹੀਂ ਲਿਖਾਂਗਾ।"

ਸਾਰੇ ਚੁਪ ਰਹੇ। ਫਿਰ ਅਬਦੁਲ ਝਟਕੇ ਨਾਲ਼ ਉਠ ਖਲੋਇਆ, ਸੰਦੁਕੜੀ ਲਈ, ਉਸ ਵਿੱਚੋਂ ਕਲਮ



ਕੱਢੀ ਕਾਗਜ ਦਾ ਟੁਕੜਾ ਤੇ ਸਿਆਹੀ, ਸਭ ਜ਼ੀਲਿਨ ਨੂੰ ਦਿੱਤੇ ਤੇ ਉਸ ਦੇ ਮੋਢੇ ਹਥ ਮਾਰ ਕੇ ਹੁਕਮ ਦਿੱਤਾ, "ਲਿਖ"। ਉਹ ਪੰਜ ਸੌ 'ਤੇ ਰਾਜੀ ਹੋ ਗਿਆ।

"ਠਹਿਰ ਜਾ", ਜ਼ੀਲਿਨ ਨੇ ਦੁਭਾਸ਼ੀਏ ਨੂੰ ਕਿਹਾ, "ਤੂੰ ਇਸ ਨੂੰ ਆਖ ਦੇ ਕਿ ਸਾਨੂੰ ਰੋਟੀ ਵਧੀਆ ਦੇਵੇ ਅਤੇ ਢੰਗ ਦੀ ਜੁੱਤੀ ਤੇ ਕੱਪੜੇ ਵੀ, ਕਿ ਸਾਨੂੰ ਇਕੱਠਿਆ ਰੱਖੇ – ਇੰਝ ਅਸੀਂ ਅੱਛੇ ਰਹਾਂਗੇ ਅਤੇ ਸਾਡੀਆਂ ਬੇੜੀਆਂ ਵੀ ਲਾਹ ਦੇਵੇ।" ਇਹ ਸਭ ਕਹਿੰਦਾ ਹੋਇਆ ਉਹ ਮਾਲਕ ਵਲ ਵੇਖ ਕੇ ਹਸੀ ਜਾ ਰਿਹਾ ਸੀ। ਮਾਲਕ ਵੀ ਹੱਸ ਰਿਹਾ ਸੀ। ਉਸ ਨੇ ਸਾਰੀ ਗੱਲ ਸੁਣੀ ਤੇ ਬੋਲਿਆ;

"ਕੱਪੜੇ ਬਹੁਤ ਵਧੀਆ ਦਿਆਂਗਾ; ਚੋਗਾ ਵੀ ਤੇ ਉਚੇ ਬੂਟ ਵੀ, ਇਹੋ ਜਿਹੇ ਕਿ ਪਾ ਕੇ ਵਿਆਹ ਕਰ ਸਕੋ। ਜੇਕਰ ਇਕੱਠਿਆ ਰਹਿਣਾ ਚਾਹੁੰਦੇ ਹਨ ਤਾਂ ਰਹਿਣ ਕੋਠੜੀ ਵਿੱਚ, ਪਰ ਜੰਜ਼ੀਰਾਂ ਨਹੀਂ ਲਾਹੀਆ ਜਾ ਸਕਦੀਆਂ – ਭੱਜ ਜਾਣਗੇ। ਸਿਰਫ ਰਾਤ ਨੂੰ ਹੀ ਲਾਹ ਦਿਆਂ ਕਰਾਂਗੇ।" ਉਹ ਉਠਿਆ ਤੇ ਜ਼ੀਲਿਨ ਦੇ ਮੋਢਿਆ 'ਤੇ ਥਾਪੀ ਦਿੱਤੀ। "ਤੇਰਾ ਅੱਚਾ ਮੇਰਾ ਅੱਚਾ!"

ਜ਼ੀਲਿਨ ਨੇ ਚਿੱਠੀ ਲਿਖ ਦਿੱਤੀ ਪਰ ਪਤਾ ਠੀਕ ਨਹੀਂ ਲਿਖਿਆ। ਉਸਨੇ ਮਨ ਹੀ ਮਨ ਸੋਚਿਆ, "ਭਜ ਜਾਵਾਂਗੇ"

ਜ਼ੀਲਿਨ ਤੇ ਕਾਸਤੀਲਿਨ ਨੂੰ ਕੋਠੜੀ ਵਿੱਚ ਲਿਜਾਇਆ ਗਿਆ। ਉਹ ਉਹਨਾਂ ਲਈ ਪਹਿਨਾਵਾਂ ਲਿਆਏ, ਦੋ ਪੁਰਾਣੇ ਚੋਗੇ ਤੇ ਗੋਡਿਆ ਤਕ ਉਚੇ ਬੂਟ, ਸਿਪਾਹੀਆਂ ਵਾਲੇ। ਮਾਰੇ ਗਏ ਸਿਪਾਹੀਆਂ ਦੇ ਲਾਹੇ ਗਏ ਹੋਣਗੇ। ਰਾਤ ਨੂੰ ਉਹਨਾਂ ਦੀ ਜੰਜ਼ੀਰਾਂ ਲਾਹ ਕੇ ਕੋਠੜੀ ਵਿੱਚ ਬੰਦ ਕਰ ਦਿੱਤਾ ਗਿਆ।

## ( 3 )

ਝੀਲਿਨ ਤੇ ਉਸ ਦਾ ਸਾਥੀ ਇਕ ਮਹੀਨੇ ਤੱਕ ਇੰਝ ਹੀ ਰਹੇ। ਮਾਲਕ ਜਦੋਂ ਵੇਖਦਾ ਤਾਂ ਹਸਦਾ; "ਤੂੰ ਇਵਾਨ ਅੱਚਾ , ਹਮ ਅੱਚਾ!" ਖਾਣਾ ਜੈਸਾ-ਤੈਸਾ ਹੀ ਮਿਲਦਾ ਸੀ - ਸਿਰਫ ਕਦੇ ਕਦੇ ਬਾਜਰੇ ਦੀਆਂ ਫਿਕੀਆਂ ਰੋਟੀਆਂ ਤੇ ਉਹ ਵੀ ਕਦੇ ਕਦੇ ਕੱਚੀਆਂ ਤੇ ਕਦੇ ਪੱਕੀਆਂ ਹੋਈਆਂ।

ਕਸਤੀਲਿਨ ਨੇ ਇਕ ਵਾਰੀ ਫਿਰ ਘਰੇ ਚਿੱਠੀ ਲਿਖੀ; ਉਹ ਬਸ ਇਸੇ ਉਡੀਕ ਵਿੱਚ ਰਹਿੰਦਾ ਸੀ ਕਿ ਕਦੋਂ ਪੈਸੇ ਆਉਣ। ਉਹ ਸਾਰਾ ਸਾਰਾ ਦਿਨ ਕੋਠੜੀ ਵਿੱਚ ਬੈਠਾ ਦਿਨ ਗਿਣਦਾ ਰਹਿੰਦਾ ਕਿ ਕਦੋਂ ਚਿੱਠੀ ਆਵੇਗੀ ਜਾਂ ਸੁੱਤਾ ਰਹਿੰਦਾ ਸੀ। ਝੀਲਿਨ ਜਾਣਦਾ ਸੀ ਕਿ ਉਸ ਦੀ ਚਿੱਠੀ ਘਰ ਨਹੀਂ ਪਹੁੰਚੇਗੀ ਤੇ ਦੂਜੀ ਚਿੱਠੀ ਉਸ ਨੇ ਲਿਖੀ ਨਹੀਂ।

ਉਹ ਸੋਚਦਾ ਸੀ, "ਮਾਂ ਕੋਲ ਇੰਨਾ ਪੈਸਾ ਕਿੱਥੋਂ ਆਏਗਾ ? ਵੈਸੇ ਵੀ ਮੈਂ ਜੋ ਕੁੱਝ ਭੇਜਦਾ ਸੀ, ਉਸੀ ਨਾਲ਼ ਉਸ ਦਾ ਗੁਜਾਰਾ ਹੁੰਦਾ ਸੀ। ਪੰਜ ਸੌ ਰੂਬਲ ਜਮ੍ਹਾ ਕਰਨ ਲਈ ਤਾਂ ਉਸਨੂੰ ਕੰਗਾਲ ਹੋਣਾ ਪਏਗਾ, ਮੈਂ ਆਪ ਹੀ ਕਿਸੇ ਤਰ੍ਹਾਂ ਨਿਕਲ ਜਾਵਾਂਗਾ।"

ਉਹ ਆਪ ਹਰ ਵੇਲੇ ਇਸੇ ਤਾਕ ਵਿੱਚ ਰਹਿੰਦਾ ਸੀ ਕਿੰਝ ਭੱਜਿਆ ਜਾ ਸਕਦਾ ਹੈ।

ਉਹ ਪਿੰਡ ਵਿੱਚ ਸੀਟੀ ਵਜਾਉਦਾ ਘੁੰਮਦਾ ਰਹਿੰਦਾ ਜਾਂ ਬੈਠਾ ਬੈਠਾ ਕੁਝ ਬਣਾਉਂਦਾ ਰਹਿੰਦਾ : ਕਦੇ ਚੀਕਣੀ ਮਿੱਟੀ ਨਾਲ਼ ਗੁੱਡੀ ਬਣਾ ਦਿੰਦਾ ਤੇ ਕਦੇ ਬੇਲ ਦੀਆਂ ਟਾਹਣੀਆਂ ਦੀ ਕੋਈ ਚੀਜ਼। ਝੀਲਿਨ ਅਜਿਹੇ ਕੰਮ ਕਰਨ ਵਿੱਚ ਹੁਸ਼ਿਆਰ ਸੀ।

ਇੱਕ ਦਿਨ ਉਸ ਨੇ ਇੱਕ ਗੁੱਡੀ ਬਣਾਈ - ਛੋਟੀ ਜਿਹਾ ਨੱਕ, ਬਾਹਾਂ ਤੇ ਲੱਤਾਂ ਵੀ, ਤਾਤਾਰਾਂ ਵਰਗੀ ਕਮੀਜ ਤੇ ਛੱਤ 'ਤੇ ਉਸ ਨੂੰ ਸੁਕਣ ਲਈ ਰਖ ਦਿੱਤਾ। ਤਾਤਾਰ ਕੁੜੀਆਂ ਪਾਣੀ ਲੈਣ ਚਲੀਆਂ ਸਨ। ਮਾਲਕ ਦੀ ਧੀ ਦੀਨਾ ਨੇ ਗੁੱਡੀ ਵੇਖ ਲਈ, ਉਸਨੇ ਦੂਸਰੀਆਂ ਕੁੜੀਆਂ ਨੂੰ ਬੁਲਾਇਆ। ਸਾਰੀਆਂ ਨੇ ਗਾਗਰਾਂ ਲਾਹ ਕੇ ਰੱਖ ਦਿੱਤੀਆਂ, ਉਹ ਗੁੱਡੀ ਨੂੰ ਵੇਖੀ ਜਾਣ ਤੇ ਹੱਸੀ ਜਾਣ। ਝੀਲਿਨ ਨੇ ਗੁੱਡੀ ਲਾਹ ਕੇ ਉਹਨਾਂ ਵਲ ਕੀਤੀ। ਉਹ ਹੱਸੀ ਜਾ ਰਹੀਆਂ ਸਨ ਪਰ ਲੈਣ ਦੀ ਹਿੰਮਤ ਨਹੀਂ ਸੀ ਕਰ ਰਹੀਆਂ। ਉਹ ਗੁੱਡੀ ਉੱਥੇ ਹੀ ਰੱਖ ਕੇ ਕੋਠੜੀ ਵਿੱਚ ਚੱਲਿਆ ਗਿਆ ਤੇ ਲੁਕ ਕੇ ਵੇਖਣ ਲੱਗਾ ਕਿ ਹੁਣ ਕੀ ਹੋਏਗਾ ?

ਦੀਨਾ ਦੌੜੀ ਦੌੜੀ ਆਈ, ਇਧਰ ਉਧਰ ਵੇਖਿਆ, ਗੁੱਡੀ ਨੂੰ ਚੁੱਕਿਆ ਤੇ ਦੌੜ ਗਈ।

ਅਗਲੇ ਦਿਨ ਉਸਨੇ ਵੇਖਿਆ ਕਿ ਦੀਨਾ ਗੁੱਡੀ ਚੁੱਕੀ ਦਰਵਾਜੇ 'ਤੇ ਆਈ। ਉਸਨੇ ਗੁੱਡੀ ਨੂੰ ਲਾਲ ਰੰਗ ਦੀਆਂ ਲੀਰਾਂ ਨਾਲ਼ ਸਜਾ ਲਿਆ ਸੀ ਤੇ ਬੱਚਿਆ ਵਾਂਗ ਝੋਲੀ ਵਿੱਚ ਝੁਲਾ ਰਹੀ ਸੀ, ਆਪਣੀ ਬੋਲੀ ਵਿੱਚ ਲੋਰੀ ਸੁਣਾ ਰਹੀ ਸੀ। ਇੱਕ ਬੁੱਢੀ ਬਾਹਰ ਆਈ ਤੇ ਉਸ ਨੂੰ ਡਾਂਟਣ ਲੱਗੀ, ਗੁੱਡੀ ਖੋਹ ਕੇ ਤੋੜ ਦਿੱਤੀ ਤੇ ਦੀਨਾ ਨੂੰ ਕੁੱਝ ਕੰਮ ਕਰਨ ਲਈ ਭੇਜ ਦਿੱਤਾ।

ਝੀਲਿਨ ਨੇ ਇੱਕ ਹੋਰ ਗੁੱਡੀ ਬਣਾਈ, ਪਹਿਲਾਂ ਤੋਂ ਵੀ ਚੰਗੀ ਤੇ ਦੀਨਾ ਨੂੰ ਦੇ ਦਿੱਤੀ। ਇੱਕ ਦਿਨ ਦੀਨਾ ਸੁਰਾਹੀ ਲੈ ਕੇ ਆਈ ਤੇ ਉਸ ਦੇ ਕੋਲ ਰੱਖ ਦਿੱਤੀ, ਬੈਠ ਕੇ ਉਸ ਵੱਲ ਵੇਖਣ ਲੱਗੀ ਉਹ ਸੁਰਾਹੀ ਵਲ

ਇਸ਼ਾਰਾ ਕਰਕੇ ਹੱਸੀ ਜਾਵੇ।

"ਇੰਨੀ ਖੁਸ਼ ਕਿਉਂ ਹੋ ਰਹੀ ਹੈ?" ਝੀਲਿਨ ਨੇ ਸੋਚਿਆ ਉਸਨੇ ਸੁਰਾਹੀ ਚੁੱਕੀ ਤੇ ਪੀਣ ਲੱਗਾ, ਉਸਨੇ ਸੋਚਿਆ ਕਿ ਪਾਣੀ ਹੋਵੇਗਾ ਪਰ ਉਸ ਵਿੱਚ ਦੁੱਧ ਸੀ ਝੀਲਿਨ ਨੇ ਦੁੱਧ ਪੀ ਲਿਆ ਤੇ ਬੋਲਿਆ:

"ਆਹਾ! ਬਹੁਤ ਚੰਗਾ।" ਕਿੰਨੀ ਖੁਸ਼ ਹੋਈ ਦੀਨਾ!

"ਅੱਛਾ ਈਵਾਨ ਅੱਛਾ!" ਉਹ ਉਛਲ ਕੇ ਤਾਲੀਆਂ ਮਾਰਨ ਲੱਗੀ। ਉਸਨੇ ਸੁਰਾਹੀ ਖੋਹੀ ਤੇ ਭੱਜ ਗਈ।

ਓਦੋਂ ਤੋਂ ਉਹ ਰੋਜ਼ ਲੁਕ ਲੁਕ ਕੇ ਦੁੱਧ ਲਿਆਉਣ ਲੱਗੀ। ਤਾਤਾਰ ਬੱਕਰੀ ਦੇ ਦੁੱਧ ਦਾ ਪਨੀਰ ਬਣਾ ਕੇ ਉਸ ਨੂੰ ਮੋਟੀ ਰੋਟੀਆਂ ਦੇ ਰੂਪ ਵਿੱਚ ਛੱਤ 'ਤੇ ਸੁਕਾਉਂਦੇ ਹਨ। ਕਦੇ ਕਦੇ ਦੀਨਾ ਅਜਿਹੀ ਰੋਟੀ ਵੀ ਚੋਰੀ ਨਾਲ਼ ਲੈ ਆਉਂਦੀ। ਇੱਕ ਵਾਰ ਮਾਲਕ ਦੇ ਘਰੇ ਭੇਡ ਵੱਢੀ ਗਈ, ਦੀਨਾ ਬਾਂਹ ਵਿੱਚ ਲੁੱਕੇ ਕੇ ਮਾਸ ਦਾ ਟੁੱਕੜਾ ਲੈ ਆਈ। ਉਹ ਬਸ ਸੁੱਟ ਦਿੰਦੀ ਤੇ ਦੌੜ ਜਾਂਦੀ।

ਇੱਕ ਦਿਨ ਬਹੁਤ ਬਦਲ ਗਰਜੇ, ਘੰਟਾ ਭਰ ਜ਼ੋਰਦਾਰ ਮੀਂਹ ਪੈਂਦਾ ਰਿਹਾ। ਸਾਰੀਆਂ ਨਦੀਆਂ ਉਛਲਣ ਲੱਗੀਆਂ। ਜਿੱਥੇ ਪਾਂਝ ਸੀ ਉੱਥੇ ਤਿੰਨ ਤਿੰਨ ਫੁੱਟ ਪਾਣੀ ਹੋ ਗਿਆ, ਪੱਥਰ ਵਗਦੇ ਜਾਂਦੇ ਸਨ। ਹਰ ਥਾਂ ਪਾਣੀ ਦੀਆਂ ਧਾਰਾ ਵਗਦੀਆਂ ਸਨ, ਪਹਾੜਾ ਵਲ ਬਹੁਤ ਰੌਲਾ ਪੈ ਰਿਹਾ ਸੀ। ਜਦੋਂ ਮੀਂਹ ਰੁਕਿਆ ਤਾਂ ਪਿੰਡ ਵਿੱਚ ਥਾਂ ਥਾਂ ਪਾਣੀ ਵਗ ਰਿਹਾ ਸੀ। ਝੀਲਿਨ ਨੇ ਮਾਲਕ ਤੋਂ ਚਾਕੂ ਮੰਗ ਲਿਆ, ਲਕੜੀ ਨੂੰ ਛਿਲ ਵੱਢ ਕੇ ਧੁਰੀ, ਗੋਲ ਪਟਰੀਆਂ ਤੇ ਚੱਕੇ ਬਣਾਏ; ਚੱਕਿਆ 'ਤੇ ਪਰ ਲਾ ਦਿੱਤੇ ਤੇ ਪਹੀਆਂ ਦੇ ਦੋਨੋ ਪਾਸੇ ਗੁੱਡੀਆਂ ਬਣਾ ਦਿੱਤੀਆਂ।

ਕੁੜੀਆਂ ਲੀਰਾਂ ਚੁੱਕ ਲਿਆਈਆਂ, ਉਸਨੇ ਗੁੱਡੀਆਂ ਨੂੰ ਕੱਪੜੇ ਪੁਆ ਦਿੱਤੇ, ਇੱਕ ਆਦਮੀ ਬਣ ਗਿਆ, ਇੱਕ ਔਰਤ, ਉਹਨਾਂ ਨੂੰ ਠੀਕ ਢੰਗ ਨਾਲ਼ ਜੋੜਿਆ ਤੇ ਪਹੀਆਂ ਪਾਣੀ ਦੀ ਧਾਰ 'ਤੇ ਰੱਖ ਦਿੱਤਾ। ਪਹੀਆਂ ਘੁੰਮਦਾ ਸੀ ਤੇ ਗੁੱਡੀਆਂ ਉਛਲਦੀਆਂ ਸਨ।

ਸਾਰਾ ਪਿੰਡ ਇਕੱਠਾ ਹੋ ਗਿਆ ਮੁੰਡੇ, ਕੁੜੀਆਂ, ਔਰਤਾਂ ਅਤੇ ਤਾਤਾਰ ਵੀ, ਜੀਭ ਨਾਲ਼ ਚਟਕਾਰੇ ਭਰੀ ਜਾ ਰਹੇ ਸਨ।

"ਵਾਹ ਉਰੂਸ, ਵਾਹ ਈਵਾਨ!"

ਅਬਦੁਲ ਕੋਲ ਇੱਕ ਰੂਸੀ ਘੜੀ ਸੀ, ਜੋ ਖਰਾਬ ਹੋ ਗਈ ਸੀ। ਉਸ ਨੇ ਝੀਲਿਨ ਨੂੰ ਬੁਲਾਇਆ, ਘੜੀ ਵਿਖਾਈ ਤੇ ਚ ਚ ਕਰਨ ਲੱਗਾ। ਝੀਲਿਨ ਬੋਲਿਆ:

"ਲਿਆਓ, ਠੀਕ ਕਰ ਦਿਆਂ!"

ਉਸਨੇ ਘੜੀ ਲੈ ਕੇ ਉਸ ਨੂੰ ਚਾਕੂ ਨਾਲ਼ ਖੋਲਿਆ, ਉਸ ਦਾ ਇੱਕ ਇੱਕ ਪੁਰਜਾ ਵੱਖ ਕੀਤਾ, ਫਿਰ ਜੋੜ ਦਿੱਤਾ ਤੇ ਦੇ ਦਿੱਤੀ; ਘੜੀ ਚੱਲਣ ਲੱਗੀ। ਮਾਲਕ ਖੁਸ਼ ਹੋ ਗਿਆ ਤੇ ਆਪਣਾ ਪੁਰਾਣਾ ਫਟਿਆ ਹੋਇਆ ਗਾਉਨ ਲਿਆ ਕੇ ਉਸਨੂੰ ਦੇ ਦਿੱਤਾ। ਕੀ ਕਰਦਾ ਲੈ ਲਿਆ, ਹੋਰ ਕੁੱਝ ਨਾ ਸਹੀ ਰਾਤੀ ਉਪਰ ਲੈਣ




ਦੇ ਹੀ ਕੰਮ ਜਾਏਗਾ।

ਓਦੋਂ ਤੋਂ ਜ਼ੀਲਿਨ ਦੀ ਮਸ਼ਹੂਰੀ ਹੋ ਗਈ ਕਿ ਉਹ ਇੱਕ ਅੱਛਾ ਕਾਰੀਗਰ ਹੈ। ਦੂਰ ਦਿਆਂ ਪਿੰਡਾਂ ਤੋਂ ਵੀ ਲੋਕ ਆਉਣ ਲੱਗੇ। ਕੋਈ ਬੰਦੂਕ ਜਾਂ ਪਿਸਤੌਲ ਦਾ ਘੋੜਾ ਠੀਕ ਕਰਾਉਣ, ਕੋਈ ਘੜੀ ਠੀਕ ਕਰਾਉਣ। ਮਾਲਕ ਨੇ ਉਸ ਨੂੰ ਸੰਦ ਲਿਆ ਦਿੱਤੇ; ਚਿਮਟੀ, ਬਰਮਾ, ਰੇਤੀ।

ਇੱਕ ਵਾਰੀ ਇੱਕ ਤਾਤਾਰ ਬਿਮਾਰ ਪੈ ਗਿਆ ਤੇ ਜ਼ੀਲਿਨ ਨੂੰ ਬੁਲਾਇਆ ਗਿਆ; "ਚਲ, ਇਲਾਜ ਕਰ!" ਜ਼ੀਲਿਨ ਨੂੰ ਕੁੱਝ ਪਤਾ ਨਹੀਂ ਸੀ ਕਿ ਕਿੰਝ ਇਲਾਜ-ਅਲੂਜ ਕੀਤਾ ਜਾਵੇ। ਉਹ ਗਿਆ, ਤਾਤਾਰ ਨੂੰ ਵੇਖਿਆ ਤੇ ਮਨ ਵਿੱਚ ਸੋਚਿਆ : "ਕੀ ਪਤਾ ਆਪਣੇ ਆਪ ਹੀ ਠੀਕ ਹੋ ਜਾਵੇ।" ਉਹ ਕੋਠੜੀ ਵਿੱਚ ਗਿਆ, ਥੋੜਾ ਪਾਣੀ ਲਿਆ ਤੇ ਉਸ ਵਿੱਚ ਰੇਤ ਮਿਲਾ ਦਿੱਤੀ। ਤਾਤਾਰਾਂ ਸਾਹਮਣੇ ਪਾਣੀ 'ਤੇ ਮੰਤਰ ਪੜ ਦਿੱਤਾ ਤੇ ਮਰੀਜ ਨੂੰ ਪਿਲਾ ਦਿੱਤਾ। ਉਸ ਦੀਆਂ ਖੁਸ਼ਕਿਸਮਤੀ ਨਾਲ਼ ਤਾਤਾਰ ਠੀਕ ਹੋ ਗਿਆ।

ਜ਼ੀਲਿਨ ਉਹਨਾਂ ਦੀ ਬੋਲੀ ਵੀ ਥੋੜੀ ਥੋੜੀ ਸਮਝਣ ਲੱਗਾ। ਜਿਹੜੇ ਤਾਤਾਰ ਉਸ ਦੇ ਆਦੀ ਹੋ ਗਏ ਸਨ ਉਹ ਜ਼ਰੂਰਤ ਪੈਣ 'ਤੇ ਉਸ ਨੂੰ "ਈਵਾਨ, ਈਵਾਨ!" ਕਹਿ ਕੇ ਬੁਲਾਉਂਦੇ। ਕੁੱਝ ਅਜਿਹੇ ਵੀ ਸਨ ਜੋ ਤਿਰਛੀਆਂ ਨਜ਼ਰਾਂ ਨਾਲ਼ ਇੰਝ ਉਸ ਨੂੰ ਵੇਖਦੇ ਸਨ ਜਿਵੇਂ ਉਹ ਕੋਈ ਜਾਨਵਰ ਹੋਵੇ।

ਲਾਲ ਤਾਤਾਰ ਨੂੰ ਜ਼ੀਲਿਨ ਬਿਲਕੁੱਲ ਵੀ ਪਸੰਦ ਨਹੀਂ ਸੀ। ਉਸਨੂੰ ਵੇਖਦੇ ਸਾਰ ਉਹ ਜਾਂ ਮੂੰਹ ਮੋੜ ਲੈਂਦਾ ਜਾਂ ਗਾਲ ਕੱਢ ਦਿੰਦਾ। ਉੱਥੇ ਇੱਕ ਹੋਰ ਬੁੱਢਾ ਸੀ। ਉਹ ਪਿੰਡ ਵਿੱਚ ਨਹੀਂ ਸੀ ਰਹਿੰਦਾ ਸਗੋਂ ਪਹਾੜ ਹੇਠੋਂ ਕੀਤਿਓਂ ਆਉਂਦਾ ਸੀ। ਉਹ ਜਦ ਵੀ ਮਸਜਿਦ ਵਿੱਚ ਨਮਾਜ ਪੜਨ ਲਈ ਆਉਂਦਾ, ਜ਼ੀਲਿਨ ਉਸ ਨੂੰ ਵੇਖਦਾ। ਉਸ ਦਾ ਕੱਦ ਛੋਟਾ ਸੀ ਤੇ ਟੋਪੀ 'ਤੇ ਚਿੱਟਾ ਦੁਪੱਟਾ ਬੰਨਿਆ ਹੋਇਆ ਸੀ; ਉਸ ਦੀ ਦਾੜ੍ਹੀ ਤੇ ਮੁੱਛਾਂ ਕੱਟੀਆਂ ਹੋਈਆਂ ਸਨ ਤੇ ਬਿਲਕੁੱਲ ਚਿੱਟੀਆਂ ਸਨ। ਚਿਹਰਾ ਸਾਰਾ ਹੀ ਝੁਰੜੀਆਂ ਨਾਲ਼ ਭਰਿਆ ਹੋਇਆ



ਸੀ ਜੋ ਇੱਟ ਵਰਗਾ ਲਾਲ ਸੀ। ਉਹ ਦਾ ਨੱਕ ਬਾਜ ਵਰਗਾ ਤੇ ਅੱਖਾਂ ਸੁਰਮਈ ਸਨ; ਕਰੜਾਈ ਨਾਲ਼ ਭਰੀਆਂ ਹੋਈਆਂ, ਮੂੰਹ ਵਿੱਚ ਸਿਰਫ ਦੋ ਦੰਦ ਰਹਿ ਗਏ ਸਨ। ਉਹ ਆਪਣੀ ਪਹਾੜੀ ਬੰਨੀ, ਵਿਸਾਖੀਆਂ ਦਾ ਸਹਾਰਾ ਲਈ ਤੁਰਿਆ ਆਉਂਦਾ ਸੀ ਤੇ ਖੂੰਖਾਰ ਭੇੜੀਏ ਵਾਂਗ ਇਧਰ-ਉਧਰ ਘੂਰਦਾ ਰਹਿੰਦਾ ਸੀ। ਉਹ ਝੀਲਿਨ ਨੂੰ ਵੇਖਣ ਸਾਰ ਗੁਰਰਾਉਣ ਲੱਗ ਜਾਂਦਾ ਤੇ ਮੂੰਹ ਮੋੜ ਲੈਂਦਾ।

ਇੱਕ ਦਿਨ ਝੀਲਿਨ ਪਹਾੜ ਤੋਂ ਉਤਰਕੇ ਵੇਖਣ ਗਿਆ ਕਿ ਬੁੱਢਾ ਕਿੱਥੇ ਰਹਿੰਦਾ ਹੈ। ਉਹ ਪਗਡੰਡੀ ਤੋਂ ਹੇਠਾਂ ਉਤਰਿਆ ਤੇ ਵੇਖਿਆ ਕਿ ਪੱਥਰਾਂ ਦੀ ਵਾੜ ਦੇ ਪਿੱਛੇ ਇੱਕ ਬਾਗ਼ ਹੈ ਤੇ ਬਾਗ਼ ਵਿੱਚ ਚੈਰੀ ਤੇ ਦੂਜੇ ਫਲਾਂ ਦੇ ਰੁੱਖ ਲੱਗੇ ਹੋਏ ਹਨ ਤੇ ਵਿਚਾਲੇ ਇੱਕ ਸਿੱਧੀ ਛੱਤ ਵਾਲ਼ਾ ਮਕਾਨ ਸੀ। ਉਹ ਹੋਰ ਨੇੜੇ ਗਿਆ ਤੇ ਵੇਖਿਆ ਕੇ ਪਿਆਲ ਦੇ ਬਣੇ ਹੋਏ ਮਧੂ-ਮੱਖੀਆਂ ਦੇ ਛੱਤੇ ਬਣੇ ਹੋਏ ਹਨ ਤੇ ਮਧੂਮੱਖੀਆਂ ਉਡ ਰਹੀਆਂ ਹਨ; ਭਿਣਭਿਣਾ ਰਹੀਆਂ ਹਨ। ਬੁੱਢਾ ਗੋਡਿਆਂ ਭਾਰ ਖੜਾ ਛੱਤੇ ਕੋਲ਼ ਕੁੱਝ ਕਰ ਰਿਹਾ ਹੈ। ਝੀਲਿਨ ਨੇ ਉਛਲਕੇ



ਵੇਖਣ ਚਾਹਿਆ ਪਰ ਬੇੜੀਆਂ ਦੀ ਆਵਾਜ਼ ਹੋ ਗਈ। ਬੁੱਢੇ ਨੇ ਪਿੱਛੇ ਮੁੜ ਕੇ ਵੇਖਿਆ ਤੇ ਚੀਕਿਆ, ਉਸਨੇ ਆਪਣੇ ਕਮਰਬੰਦ ਤੋਂ ਪਿਸਤੌਲ ਕੱਢਿਆ ਤੇ ਝੀਲਿਨ 'ਤੇ ਚਲਾ ਦਿੱਤਾ। ਝੀਲਿਨ ਮੁਸ਼ਕਿਲ ਨਾਲ਼ ਪੱਥਰ ਪਿੱਛੇ ਲੁੱਕ ਸਕਿਆ।

ਬੁੱਢੇ ਨੇ ਆ ਕੇ ਮਾਲਕ ਨੂੰ ਸ਼ਿਕਾਇਤ ਕੀਤੀ। ਮਾਲਕ ਨੇ ਝੀਲਿਨ ਨੂੰ ਬੁਲਾਇਆ ਤੇ ਹੱਸਦੇ-ਹੱਸਦੇ ਪੁੱਛਿਆ:

"ਤੂੰ ਕਿਉਂ ਗਿਆ ਸੀ ਇਸਦੇ ਘਰ ?"

"ਮੈਂ ਇਸਦਾ ਕੁੱਝ ਨਹੀਂ ਵਿਗਾੜਿਆ। ਮੈਂ ਤਾਂ ਬਸ ਵੇਖਣਾ ਚਾਹੁੰਦਾ ਸੀ ਕਿ ਇਹ ਕਿੰਝ ਰਹਿੰਦਾ ਹੈ।"

ਮਾਲਕ ਜਿਉਂ ਜਿਉਂ ਬੁੱਢੇ ਨੂੰ ਦੱਸਦਾ ਜਾਵੇ, ਬੁੱਢਾ ਤਿਉਂ

ਤਿਉਂ ਲਾਲ-ਪੀਲਾ ਹੁੰਦਾ ਜਾਵੇ ਤੇ ਗਿਟਮਿਟ ਕਰਦਾ ਜਾਵੇ। ਉਸਦੇ ਤਿੱਖੇ ਦੰਦ ਬਾਹਰ ਆ ਗਏ ਤੇ ਉਹ ਜ਼ੀਲਿਨ ਵੱਲ ਹੱਥ ਝਟਕਾਉਂਦਾ ਜਾਵੇ।

ਜ਼ੀਲਿਨ ਸਾਰੀ ਗੱਲ ਤਾਂ ਨਹੀਂ ਸਮਝ ਸਕਿਆ ਪਰ ਇੰਨਾ ਜ਼ਰੂਰ ਸਮਝ ਗਿਆ ਕਿ ਬੁੱਢਾ ਕਹਿ ਰਿਹਾ ਸੀ ਕਿ, "ਰੂਸੀਆਂ ਨੂੰ ਮਾਰ ਦਿਓ, ਪਿੰਡ ਵਿੱਚ ਨਾਂ ਰੱਖੋ।" ਫਿਰ ਉਹ ਬੁੱਢਾ ਚਲਿਆ ਗਿਆ।

ਜ਼ੀਲਿਨ ਮਾਲਕ ਤੋਂ ਪੁੱਛਣ ਲੱਗਾ: "ਕੌਣ ਹੈ ਇਹ ਬੁੱਢਾ ?" ਮਾਲਕ ਨੇ ਦੱਸਿਆ:

"ਇਹ ਬਹੁਤ ਵੱਡਾ ਆਦਮੀ ਹੈ! ਬਹੁਤ ਸੂਰਬੀਰ ਸੀ ਇਹ, ਇਸਨੇ ਬਹੁਤ ਸਾਰੇ ਰੂਸੀਆਂ ਨੂੰ ਮਾਰਿਆ ਹੈ, ਇਹ ਬਹੁਤ ਅਮੀਰ ਸੀ। ਇਸਦੀਆਂ ਤਿੰਨ ਪਤਨੀਆਂ ਤੇ ਅੱਠ ਪੁੱਤ ਸਨ। ਸਾਰੇ ਇੱਕ ਪਿੰਡ ਵਿੱਚ ਰਹਿੰਦੇ ਸਨ। ਰੂਸੀ ਆਏ ਤੇ ਉਹਨਾਂ ਨੇ ਪਿੰਡ ਨੂੰ ਤਬਾਹ ਕਰ ਦਿੱਤਾ, ਇਸਦੇ ਸੱਤ ਪੁੱਤਾਂ ਨੂੰ ਮਾਰ ਦਿੱਤਾ, ਇੱਕ ਪੁੱਤ ਬਚ ਗਿਆ, ਉਹ ਰੂਸੀਆਂ ਨਾਲ਼ ਜਾ ਰਲ਼ਿਆ। ਬੁੱਢੇ ਨੇ ਵੀ ਜਾ ਕੇ ਆਪਣੇ ਆਪ ਨੂੰ ਰੂਸੀਆਂ ਦੇ ਹਵਾਲੇ ਕਰ ਦਿੱਤਾ। ਇਹ ਤਿੰਨ ਮਹੀਨੇ ਉੱਥੇ ਰਿਹਾ, ਆਪਣੇ ਮੁੰਡੇ ਨੂੰ ਲੱਭਿਆ ਤੇ ਉਸਨੂੰ ਮਾਰ ਕੇ ਦੌੜ ਆਇਆ। ਉਦੋਂ ਤੋਂ ਇਸਨੇ ਲੜਨਾ ਛੱਡ ਦਿੱਤਾ। ਇਹ ਮੱਕੇ ਗਿਆ, ਹੱਜ ਕਰਨ। ਇਸੇ ਲਈ ਉਹ ਪਗੜੀ ਬੰਨਦਾ ਹੈ। ਉਸਨੂੰ ਤੁਸੀਂ ਰੂਸੀ ਚੰਗੇ ਨਹੀਂ ਲੱਗਦੇ। ਉਹ ਕਹਿੰਦਾ ਹੈ ਕਿ ਮੈਂ ਤੈਨੂੰ ਮਾਰ ਦਿਆਂ, ਪਰ ਮੈਂ ਮਾਰ ਨਹੀਂ ਸਕਦਾ, ਮੈਂ ਤੇਰੇ ਬਦਲੇ ਪੈਸੇ ਦਿੱਤੇ ਹਨ ਅਤੇ ਤੂੰ ਤਾਂ ਈਵਾਨ, ਮੈਨੂੰ ਚੰਗਾ ਲੱਗਣ ਲੱਗ ਪਿਆ ਏਂ। ਤੈਨੂੰ ਮਾਰਨਾ ਤਾਂ ਕੀ ਮੈਂ ਤਾਂ ਤੈਨੂੰ ਛੱਡਾਂ ਵੀ ਨਾ; ਪਰ ਮੈਂ ਵਚਨ ਦਿੱਤਾ ਹੈ। ਉਹ ਹੱਸਣ ਲੱਗਾ ਤੇ ਬੋਲਿਆ: "ਤੂੰ ਈਵਾਨ ਅੱਚਾ, ਹਮ ਅਬਦੁੱਲ ਅੱਚਾ।"

## (4)

ਇਸੇ ਤਰ੍ਹਾਂ ਇੱਕ ਮਹੀਨਾ ਹੋਰ ਲੰਘ ਗਿਆ। ਜ਼ੀਲਿਨ ਦਿਨ ਸਮੇਂ ਪਿੰਡ ਵਿੱਚ ਘੁੰਮਦਾ ਰਹਿੰਦਾ ਜਾਂ ਕੁੱਝ ਬਣਾਉਂਦਾ ਰਹਿੰਦਾ। ਰਾਤ ਪੈਂਦੀ, ਪਿੰਡ ਵਿਚ ਚੁੱਪ ਛਾ ਜਾਂਦੀ, ਤਾਂ ਉਹ ਆਪਣੀ ਕੋਠੜੀ ਵਿੱਚ ਜ਼ਮੀਨ ਪੁੱਟਣ ਲੱਗ ਜਾਂਦਾ, ਪੱਥਰਾਂ ਕਾਰਨ ਪੁੱਟਣਾ ਔਖਾ ਸੀ, ਪਰ ਉਹ ਰੇਤੀ ਨਾਲ਼ ਪੱਥਰ ਰਗੜਦਾ ਸੀ ਤੇ ਹੁਣ ਕੰਧ ਹੇਠਾਂ ਇੰਨਾ ਵੱਡਾ ਮਘੋਰਾ ਕਰ ਲਿਆ ਸੀ ਕਿ ਉਸ ਵਿੱਚੋਂ ਨਿਕਲਿਆ ਜਾ ਸਕਦਾ ਸੀ। ਉਹ ਸੋਚਦਾ ਕਿ "ਹੁਣ ਬਸ ਸਹੀ ਢੰਗ ਨਾਲ਼ ਇਸ ਥਾਂ ਦੀ ਪਤਾ ਲੱਗ ਜਾਵੇ ਕਿ ਕਿੱਧਰ ਨੂੰ ਜਾਣਾ ਹੈ, ਪਰ ਤਾਤਾਰ ਤਾਂ ਕੁੱਝ ਦੱਸਦੇ ਹੀ ਨਹੀਂ।"

ਅਖੀਰ ਉਸਨੇ ਇੱਕ ਅਜਿਹਾ ਮੌਕਾ ਵੇਖਿਆ ਜਦ ਉਸਦਾ ਮਾਲਕ ਕਿਤੇ ਗਿਆ ਹੋਇਆ ਸੀ; ਉਹ ਦੁਪਿਹਰ ਸਮੇਂ ਪਿੰਡ ਤੋਂ ਬਾਹਰ ਪਹਾੜ 'ਤੇ ਜਾਣ ਲੱਗਾ — ਉਹ ਉੱਥੋਂ ਸਾਰੀ ਜਗ੍ਹਾ ਵੇਖਣਾ ਚਾਹੁੰਦਾ ਸੀ। ਮਾਲਕ ਜਦ ਘਰੋਂ ਜਾਣ ਲੱਗਾ ਸੀ ਤਾਂ ਛੋਟੇ ਬੇਟੇ ਨੂੰ ਕਹਿ ਗਿਆ ਸੀ ਕਿ ਉਹ ਜ਼ੀਲਿਨ ਤੇ ਨਜ਼ਰ ਰੱਖੇ। ਮੁੰਡਾ ਜ਼ੀਲਿਨ ਦੇ ਪਿੱਛੇ ਦੌੜਿਆ ਤੇ ਚੀਕਿਆ:

"ਉੱਧਰ ਨਾ ਜਾ! ਅੱਬਾ ਨੇ ਮਨਾ ਕੀਤਾ ਹੈ। ਨਹੀਂ ਤਾਂ ਹੁਣੇ ਮੈਂ ਲੋਕਾਂ ਨੂੰ ਬੁਲਾ ਲਵਾਂਗਾ।"

ਜ਼ੀਲਿਨ ਉਸਨੂੰ ਮਨਾਉਣ ਲੱਗਿਆ, ਉਹ ਬੋਲਿਆ:


"ਮੈਂ ਦੂਰ ਨਹੀਂ ਜਾਵਾਂਗਾ, ਬਸ ਉਸ ਪਹਾੜ ਤੱਕ, ਮੈਂ ਇੱਕ ਬੂਟੀ ਲੱਭਣੀ ਹੈ, ਤੁਹਾਡੇ ਲੋਕਾਂ ਦੇ ਇਲਾਜ ਲਈ। ਤੂੰ ਵੀ ਚੱਲ ਮੇਰੇ ਨਾਲ਼, ਜ਼ੰਜੀਰਾਂ ਨਾਲ਼ ਮੈਂ ਦੌੜ ਥੋੜਾ ਹੀ ਜਾਵਾਂਗਾ। ਕੱਲ ਮੈਂ ਤੇਰੇ ਲਈ ਤੀਰ-ਕਮਾਨ ਬਣਾ ਦਵਾਂਗਾ।"

ਛੋਟਾ ਮੰਨ ਗਿਆ ਤੇ ਉਹ ਤੁਰ ਪਏ। ਪਹਾੜ ਵੇਖਣ ਵਿੱਚ ਤਾਂ ਨੇੜੇ ਹੀ ਸੀ ਪਰ ਜ਼ੰਜੀਰਾਂ ਸਣੇ ਤੁਰਨਾ ਬਹੁਤ ਮੁਸ਼ਕਿਲ ਸੀ। ਉਹ ਤੁਰਦਾ ਰਿਹਾ ਤੁਰਦਾ ਰਿਹਾ ਤੇ ਜਿਵੇਂ-ਕਿਵੇਂ ਕਰਕੇ ਪਹੁੰਚ ਹੀ ਗਿਆ। ਝੀਲਿਨ ਬੈਠ ਗਿਆ ਤੇ ਜਗ੍ਹਾ ਵੇਖਣ ਲੱਗਾ। ਦੁਪਿਹਰ ਵੇਲ਼ੇ ਜਿੱਥੇ ਸੂਰਜ ਹੁੰਦਾ ਹੈ ਉਸ ਪਾਸੇ, ਕੋਠੜੀ ਪਿੱਛੇ ਇੱਕ ਤੰਗ ਘਾਟੀ ਸੀ, ਉਸ ਵਿੱਚ ਘੋੜੇ ਚਰ ਰਹੇ ਸਨ ਤੇ ਹੇਠਾਂ ਇੱਕ ਹੋਰ ਪਿੰਡ ਦਿਖਾਈ ਦੇ ਰਿਹਾ ਸੀ। ਉਸ ਪਿੰਡ ਕੋਲ਼ ਇੱਕ ਹੋਰ ਪਹਾੜ ਸ਼ੁਰੂ ਹੁੰਦਾ ਹੈ, ਇਸਤੋਂ ਵੀ ਵੱਡੀ ਤੇ ਉਸਦੇ ਪਿੱਛੇ ਇੱਕ ਹੋਰ। ਪਹਾੜਾਂ ਵਿਚਾਲੇ ਨੀਲਾ ਨੀਲਾ ਜੰਗਲ ਦਿਸ ਰਿਹਾ ਸੀ। ਅੱਗੇ ਪਹਾੜ ਉੱਪਰ ਹੀ ਉੱਪਰ ਚਲੇ ਗਏ ਸਨ। ਸਭ ਤੋਂ ਉੱਪਰ ਬਰਫ਼ ਨਾਲ਼ ਢੱਕੇ ਹੋਏ ਪਹਾੜ ਸਨ। ਟੋਪੀ ਵਰਗਾ ਇੱਕ ਬਰਫ਼ ਵਾਲ਼ਾ ਪਹਾੜ ਸਭ ਤੋਂ ਉੱਚਾ ਸੀ। ਸੂਰਜ ਚੜਨ ਵਾਲ਼ੇ ਪਾਸੇ ਤੇ ਛੁਪਣ ਵਾਲ਼ੇ ਪਾਸੇ ਵੀ ਅਜਿਹੇ ਹੀ ਪਹਾੜ ਸਨ, ਕਿਤੇ ਕਿਤੇ ਦਰਿਆਂ ਵਿੱਚ ਪਿੰਡਾਂ ਦਾ ਧੂੰਆ ਉੱਠ ਰਿਹਾ ਸੀ। "ਅੱਛਾ ਤਾਂ ਇਹ ਸਭ ਤਾਂ ਇਹਨਾਂ ਦਾ ਹੀ ਇਲਾਕਾ ਹੈ।" ਝੀਲਿਨ ਨੇ ਸੋਚਿਆ ਤੇ ਰੂਸੀ ਇਲਾਕੇ ਵੱਲ ਵੇਖਣ ਲੱਗ ਪਿਆ; ਹੇਠਾਂ ਨਦੀ ਸੀ ਤੇ ਪਿੰਡ ਸੀ ਜਿੱਥੋਂ ਉਹ ਆਇਆ ਸੀ। ਚਾਰੇ ਪਾਸੇ ਬਾਗ਼ ਲੱਗੇ ਹੋਏ ਸਨ। ਨਦੀ ਕਿਨਾਰੇ ਗੁੱਡੀਆਂ ਜਿਹੀਆਂ ਲੱਗ ਰਹੀਆਂ ਔਰਤਾਂ ਕੱਪੜੇ ਧੋ ਰਹੀਆਂ ਸਨ। ਪਿੰਡ ਦੇ ਪਿੱਛੇ, ਥੋੜਾ ਹੇਠਾਂ ਵੱਲ ਇੱਕ ਪਹਾੜ ਸੀ ਤੇ ਉਸਦੇ ਪਿੱਛੇ ਦੋ ਹੋਰ ਪਹਾੜ ਸਨ; ਉਹਨਾਂ 'ਤੇ ਜੰਗਲ ਸੀ; ਦੋ ਪਹਾੜਾਂ ਵਿਚਾਲੇ ਧੁੰਦਲਾ ਜਿਹਾ ਖੁੱਲਾ ਮੈਦਾਨ ਨਜ਼ਰ ਆ ਰਿਹਾ ਸੀ ਤੇ ਉਸ ਮੈਦਾਨ ਵਿੱਚ ਬਹੁਤ ਦੂਰ ਜਿਵੇਂ ਧੂੰਆ ਫੈਲ ਰਿਹਾ ਸੀ। ਝੀਲਿਨ ਇਹ ਯਾਦ ਕਰਨ ਲੱਗਾ ਕਿ ਜਦੋਂ ਉਹ ਕਿਲੇ ਵਿੱਚ ਰਹਿੰਦਾ ਸੀ ਤਾਂ ਸੂਰਜ ਕਿੱਧਰੋਂ ਚੜ੍ਹਦਾ ਸੀ ਤੇ ਕਿੱਧਰ ਨੂੰ ਡੁੱਬਦਾ ਸੀ। ਉਸਨੇ ਹਿਸਾਬ ਲਾਇਆ ਕਿ ਠੀਕ ਉਸੇ ਘਾਟੀ ਵਿੱਚ ਕਿਲਾ ਹੋਣਾ ਚਾਹੀਦਾ ਹੈ; ਇਹਨਾਂ ਦੋਨਾਂ ਪਹਾੜਾਂ ਵਿੱਚੋਂ ਹੀ ਦੌੜਾ ਚਾਹੀਦਾ ਹੈ।

ਸੂਰਜ ਡੁੱਬਣ ਲੱਗਾ, ਚਿੱਟੇ ਪਹਾੜ ਲਾਲ ਹੋ ਗਏ; ਹੇਠਾਂ ਵਾਲ਼ੀਆਂ ਪਹਾੜੀਆਂ 'ਤੇ ਹਨ੍ਹੇਰਾ ਛਾ ਗਿਆ, ਤੰਗ ਘਾਟੀਆਂ ਤੋਂ ਧੁੰਦ ਉੱਠਣ ਲੱਗੀ ਅਤੇ ਉਹ ਵੱਡੀ ਘਾਟੀ ਜਿਸ ਵਿੱਚ ਕਿਲਾ ਹੋਣਾ ਚਾਹੀਦਾ ਹੈ, ਸੂਰਜ ਅਸਤ ਹੋਣ ਨਾਲ਼ ਅੱਗ ਵਾਂਗ ਚਮਕ ਉੱਠੀ। ਝੀਲਿਨ ਗੌਰ ਨਾਲ਼ ਵੇਖਣ ਲੱਗਿਆ, ਘਾਟੀ ਵਿੱਚ ਡੋਲਦਾ ਜਿਹਾ ਕੁੱਝ ਦਿਖ ਰਿਹਾ ਸੀ। ਜਿਵੇਂ ਚਿਮਨੀ ਵਿੱਚੋਂ ਉੱਠਣ ਵਾਲ਼ਾ ਧੂੰਆ ਹੋਵੇ। ਉਸਦਾ ਮਨ ਕਹਿੰਦਾ ਸੀ ਕਿ ਬਸ ਇਹੀ ਰੂਸੀ ਕਿਲਾ ਹੋਵੇ।

ਦੇਰ ਹੋ ਗਈ ਸੀ, ਮੁੱਲੇ ਦੀ ਅਜਾਨ ਸੁਣਾਈ ਦਿੱਤੀ। ਡੰਗਰ ਵਾਪਸ ਮੁੜ ਰਹੇ ਸਨ, ਗਾਵਾਂ ਅੜਿੰਗ ਰਹੀਆਂ ਸਨ। ਮੁੰਡਾ ਕਈ ਵਾਰ ਘਰ ਜਾਣ ਬਾਰੇ ਕਹਿ ਚੁੱਕਿਆ ਸੀ ਪਰ ਝੀਲਿਨ ਦਾ ਜਾਣ ਨੂੰ ਮਨ ਹੀ ਨਹੀਂ ਸੀ ਕਰ ਰਿਹਾ।

ਉਹ ਘਰ ਵਾਪਸ ਆ ਗਏ। ਝੀਲਿਨ ਸੋਚ ਰਿਹਾ ਸੀ: "ਹੁਣ ਜਗ੍ਹਾ ਦਾ ਪਤਾ ਲੱਗ ਗਿਆ, ਭੱਜਣਾ



ਚਾਹੀਦਾ ਹੈ।" ਉਹ ਉਸੇ ਰਾਤ ਦੌੜਨਾ ਚਾਹੁੰਦਾ ਸੀ। ਰਾਤਾਂ ਹਨ੍ਹੇਰੀਆਂ ਸਨ ਤੇ ਉਸ ਦਿਨ ਮੱਸਿਆ ਸੀ। ਪਰ ਬਦਕਿਸਮਤੀ ਨਾਲ਼ ਸ਼ਾਮ ਤੱਕ ਤਾਤਾਰ ਵਾਪਸ ਆ ਗਏ। ਕਈ ਵਾਰ ਇੰਝ ਹੁੰਦਾ ਸੀ ਕਿ ਜਦੋਂ ਉਹ ਵਾਪਸ ਮੁੜਦੇ ਤਾਂ ਆਪਣੇ ਨਾਲ਼ ਕਈ ਪਸ਼ੂ ਲੈ ਆਉਂਦੇ ਤੇ ਹੱਸਦੇ-ਗਾਉਂਦੇ ਆਉਂਦੇ ਪਰ ਇਸ ਵਾਰ ਕੁੱਝ ਨਾਂ ਲਿਆਏ ਬਸ ਇੱਕ ਕਾਠੀ 'ਤੇ ਮਾਰੇ ਗਏ ਤਾਤਾਰ ਨੂੰ ਲਿਆਏ। ਉਹ ਲਾਲ ਦਾੜ੍ਹੀ ਵਾਲ਼ੇ ਦਾ ਭਰਾ ਸੀ। ਸਾਰੇ ਹੀ ਗੁੱਸੇ ਨਾਲ਼ ਭਰੇ ਹੋਏ ਮੁੜੇ ਸਨ। ਉਹ ਸਾਰੇ ਉਸਨੂੰ ਦਫਨਾਉਣ ਲਈ ਜਮ੍ਹਾਂ ਹੋਏ। ਜ਼ੀਲਿਨ ਵੀ ਬਾਹਰ ਨਿਕਲ ਕੇ ਵੇਖਣ ਲੱਗ ਪਿਆ। ਤਾਤਾਰਾਂ ਨੇ ਮੁਰਦੇ ਨੂੰ ਕਫਨ ਵਿੱਚ ਲਪੇਟ ਦਿੱਤਾ। ਤਬੂਤ ਤੋਂ ਬਗੈਰ ਹੀ ਪਿੰਡ ਤੋਂ ਬਾਹਰ, ਚਿਨਾਰ ਦੇ ਦਰਖਤਾਂ ਥੱਲੇ ਲਿਜਾ ਕੇ ਘਾਟ 'ਤੇ ਪਾ ਦਿੱਤਾ, ਮੌਲਵੀ ਆਇਆ, ਬੁੱਢੇ ਜਮ੍ਹਾਂ ਹੋਏ, ਉਹਨਾਂ ਨੇ ਟੋਪੀਆਂ 'ਤੇ ਦੁਪੱਟੇ ਬੰਨ੍ਹੇ ਹੋਏ ਸਨ, ਉਹ ਜੁੱਤੀਆਂ ਲਾਹ ਕੇ ਮੁਰਦੇ ਦੇ ਸਾਹਮਣੇ ਗੋਡਿਆਂ ਭਾਰ ਬੈਠ ਗਏ।

ਅੱਗੇ ਮੌਲਵੀ, ਪਿੱਛੇ ਤਿੰਨ ਬੁੱਢੇ ਪਗੜੀ ਬੰਨੀ ਕੋਲ਼ ਕੋਲ਼ ਹੀ ਬੈਠੇ ਸਨ ਤੇ ਉਨ੍ਹਾਂ ਪਿੱਛੇ ਸਨ ਤਾਤਾਰ ਉਨ੍ਹਾਂ ਨੇ ਬੈਠਣ ਮਗਰੋਂ ਸਿਰ ਨੀਵੇਂ ਕਰ ਲਏ ਤੇ ਬਹੁਤ ਸਮਾਂ ਚੁਪਚਾਪ ਬੈਠੇ ਰਹੇ। ਮੌਲਵੀ ਨੇ ਸਿਰ ਉੱਪਰ ਕੀਤਾ ਤੇ ਬੋਲਿਆ:

"ਅੱਲਾਹ!" ਇਹੀ ਇੱਕ ਅੱਖਰ ਬੋਲਿਆ ਤੇ ਫਿਰ ਸਿਰ ਨਿਵਾ ਲਿਆ, ਕਾਫੀ ਸਮੇਂ ਤੱਕ ਚੁੱਪ ਬੈਠੇ ਰਹੇ, ਜ਼ਰਾ ਵੀ ਨਹੀਂ ਹਿੱਲੇ ਜੁੱਲੇ। ਫਿਰ ਮੌਲਵੀ ਨੇ ਸਿਰ ਉੱਪਰ ਕੀਤਾ:

"ਅੱਲਾਹ!" ਸਾਰੇ ਬੋਲੇ: "ਅੱਲਾਹ!" ਤੇ ਫਿਰ ਚੁੱਪ ਕਰ ਗਏ।

ਮੁਰਦੇ ਨੂੰ ਘਾਹ 'ਤੇ ਰੱਖਿਆ ਹੋਇਆ ਸੀ ਤੇ ਉਹ ਵੀ ਮੁਰਦਿਆਂ ਵਾਂਗ ਬੈਠੇ ਸਨ। ਕੋਈ ਵੀ ਥੋੜਾ ਜਿਹਾ ਵੀ ਹਿਲਦਾ ਜੁਲਦਾ ਨਹੀਂ ਸੀ। ਬਸ ਚਿਨਾਰ ਦੇ ਦਰਖਤ ਦੇ ਪੱਤਿਆਂ ਦੀ ਖੜਖੜ ਹੀ ਸੁਣ ਰਹੀ ਸੀ। ਫਿਰ ਮੌਲਵੀ ਨੇ ਦੁਆ ਪੜੀ ਤੇ ਸਾਰੇ ਉੱਠ ਖੜੇ ਹੋਏ; ਮੁਰਦੇ ਨੂੰ ਚੁੱਕਿਆ ਤੇ ਲੈ ਗਏ। ਉਹ ਉਸਨੂੰ ਇੱਕ ਟੋਏ ਕੋਲ਼ ਲਿਆਏ। ਟੋਆ ਮਾਮੂਲੀ ਨਹੀਂ ਸੀ, ਜ਼ਮੀਨ ਹੇਠਾਂ ਇੱਕ ਤਹਿਖਾਨੇ ਵਰਗੀ ਬਣੀ ਹੋਈ ਸੀ। ਤਾਤਾਰਾਂ

ਨੇ ਮੁਰਦੇ ਨੂੰ ਪਾਸਿਆਂ ’ਤੇ ਲੱਤਾਂ ਨਾਲ਼ ਫੜ ਕੇ ਚੁੱਕਿਆ, ਮੋੜਿਆ, ਹੋਲੀ ਜਿਹੇ ਹੇਠਾਂ ਕੀਤਾ; ਉਹਨੂੰ ਬੈਠੇ ਹੋਏ ਨੂੰ ਜ਼ਮੀਨ ਹੇਠਾਂ ਵਾੜ ਦਿੱਤਾ ਤੇ ਦੋਵੇਂ ਹੱਥ ਉਸਦੇ ਢਿੱਡ ’ਤੇ ਰੱਖ ਦਿੱਤੇ।

ਨਗਾਈ ਹਰੇ ਸਰਕੰਡੇ ਲਿਆਇਆ, ਉਹ ਸਰਕੰਡੇ ਉਨ੍ਹਾਂ ਨੇ ਟੋਏ ਵਿੱਚ ਰੱਖੇ ਤੇ ਛੇਤੀ ਛੇਤੀ ਉੱਪਰੋਂ ਮਿੱਟੀ ਪਾ ਦਿੱਤੀ ਤੇ ਬਰਾਬਰ ਕਰ ਦਿੱਤੀ। ਮੁਰਦੇ ਦੇ ਸਿਰ ਵੱਲ ਇੱਕ ਖੜਾ ਪੱਥਰ ਲਗਾ ਦਿੱਤਾ ਗਿਆ। ਜ਼ਮੀਨ ਨੂੰ ਦੱਬਿਆ ਤੇ ਫਿਰ ਕਬਰ ਸਾਹਮਣੇ ਬੈਠ ਗਏ ਅਤੇ ਕਾਫੀ ਦੇਰ ਤੱਕ ਚੁੱਪ ਬੈਠੇ ਰਹੇ।

“ਅੱਲਾਹ! ਅੱਲਾਹ!” ਭਾਰੇ ਭਾਰੇ ਸਾਹ ਲਏ ਤੇ ਉੱਠ ਖੜੇ ਹੋਏ। ਲਾਲ ਦਾੜ੍ਹੀ ਵਾਲ਼ੇ ਨੇ ਬੁੱਢਿਆਂ ਨੂੰ ਪੈਸੇ ਦਿੱਤੇ, ਫਿਰ ਉੱਠਿਆ ਸ਼ੈਂਟਾ ਲਿਆ, ਤਿੰਨ ਵਾਰ ਆਪਣੇ ਮੱਥੇ ’ਤੇ ਮਾਰਿਆ ਤੇ ਘਰ ਵੱਲ ਤੁਰ ਪਿਆ!

ਅਗਲੀ ਸਵੇਰ ਝੀਲਿਨ ਨੇ ਵੇਖਿਆ ਕਿ ਲਾਲ ਦਾੜ੍ਹੀ ਵਾਲ਼ਾ ਘੋੜੀ ਨੂੰ ਪਿੰਡੋਂ ਬਾਹਰ ਲਿਜਾ ਰਿਹਾ ਸੀ ਅਤੇ ਤਿੰਨ ਤਾਤਾਰ ਉਸਦੇ ਪਿੱਛੇ-ਪਿੱਛੇ ਜਾ ਰਹੇ ਸਨ। ਪਿੰਡੋਂ ਬਾਹਰ ਪਹੁੰਚ ਕੇ ਲਾਲ ਤਾਤਾਰ ਨੇ ਗਾਊਨ ਲਾਹਿਆ, ਕਮੀਜ਼ ਦੀਆਂ ਬਾਹਾਂ ਉੱਤੇ ਚਾੜ੍ਹੀਆਂ, ਉਨ੍ਹਾਂ ਦੀਆਂ ਬਾਹਵਾਂ ਮੋਟੀਆਂ-ਤਾਜ਼ੀਆਂ ਸਨ, ਉਸਨੇ ਖੰਜਰ ਕੱਢਿਆ, ਪੱਥਰ ’ਤੇ ਧਾਰ ਤੇਜ਼ ਕੀਤੀ। ਤਾਤਾਰਾਂ ਨੇ ਘੋੜੀ ਦਾ ਸਿਰ ਉੱਪਰ ਚੱਕਿਆ ਤੇ ਲਾਲ ਦਾੜ੍ਹੀ ਵਾਲ਼ੇ ਨੇ ਆ ਕੇ ਘੋੜੀ ਦੀ ਗਰਦਨ ਵੱਢ ਦਿੱਤੀ, ਘੋੜੀ ਨੂੰ ਸੁੱਟ ਦਿੱਤਾ ਅਤੇ ਉਸਨੂੰ ਚੀਰਨ ਲੱਗਾ ਤੇ ਆਪਣੀਆਂ ਵੱਡੀਆਂ ਵੱਡੀਆਂ ਮੁੱਠੀਆਂ ਨਾਲ਼ ਖੱਲ ਲਾਹੁੰਦਾ ਜਾਵੇ। ਔਰਤਾਂ ਤੇ ਕੁੜੀਆਂ ਆਈਆਂ ਤੇ ਘੋੜੀ ਦੀਆਂ ਆਂਤੜੀਆਂ ਧੋਣ ਲੱਗੀਆਂ, ਫਿਰ ਉਹ ਘੋੜੀ ਦੇ ਟੋਟੇ ਘਰੇ ਲੈ ਗਏ ਤੇ ਸਾਰਾ ਪਿੰਡ ਅਫਸੋਸ ਕਰਨ ਲਈ ਲਾਲ ਤਾਤਾਰ ਦੇ ਘਰ ਇਕੱਠਾ ਹੋਇਆ।

ਤਿੰਨ ਦਿਨ ਤੱਕ ਉਹ ਘੋੜੀ ਦਾ ਮੀਟ ਖਾਂਦੇ ਰਹੇ ਤੇ ਬੂਜ਼ਾ ਪੀਂਦੇ ਰਹੇ। ਸਾਰੇ ਤਾਤਾਰ ਘਰੇ ਹੀ ਰਹੇ।

ਚੌਥੇ ਦਿਨ ਝੀਲਿਨ ਨੇ ਵੇਖਿਆ ਕਿ ਕਿਤੇ ਜਾਣ ਦੀਆਂ ਤਿਆਰੀਆਂ ਹੋ ਰਹੀਆਂ ਹਨ, ਘੋੜੇ ਘਰੇ ਲਿਆਂਦੇ ਗਏ। ਅੱਜ ਉਨ੍ਹਾਂ ’ਤੇ ਸਾਜ ਕੱਸਿਆ ਗਿਆ ਤੇ 10 ਕੁ ਲੋਕ ਚੱਲ ਪਏ। ਲਾਲ ਦਾੜ੍ਹੀ ਵਾਲ਼ਾ ਵੀ ਚਲਾ ਗਿਆ ਪਰ ਅਬਦੁਲ ਘਰੇ ਹੀ ਰਿਹਾ। ਚੰਨ ਹਾਲੇ ਚੜ੍ਹਦੀ ਕਲਾ ਵਿੱਚ ਆਇਆ ਹੀ ਸੀ ਤੇ ਰਾਤਾਂ ਹਾਲੇ ਹਨ੍ਹੇਰੀਆਂ ਹੀ ਸਨ।

“ਬੱਸ! ਅੱਜ ਭੱਜ ਜਾਣਾ ਚਾਹੀਦਾ ਹੈ”, ਝੀਲਿਨ ਨੇ ਸੋਚਿਆ ਤੇ ਕਸਤੀਲਿਨ ਨੂੰ ਕਿਹਾ। ਪਰ ਉਹ ਡਰਨ ਲੱਗਾ।

“ਭੱਜਾਂਗੇ ਕਿਵੇਂ, ਸਾਨੂੰ ਤਾਂ ਰਸਤੇ ਦਾ ਵੀ ਨਹੀਂ ਪਤਾ।”

“ਮੈਨੂੰ ਪਤਾ ਹੈ ਰਸਤਾ।”

“ਰਾਤ ਰਾਤ ਵਿੱਚ ਤਾਂ ਪਹੁੰਚ ਨਹੀਂ ਸਕਾਂਗੇ।”

“ਨਹੀਂ ਪਹੁੰਚਾਂਗੇ; ਤਾਂ ਜੰਗਲ ਵਿੱਚ ਰਾਤ ਕੱਟ ਲਵਾਂਗੇ। ਮੈਂ ਕੁੱਝ ਰੋਟੀਆਂ ਜਮ੍ਹਾ ਕੀਤੀਆਂ ਹੋਈਆਂ ਹਨ। ਆਖਿਰ ਕਿੰਨੇ ਦਿਨ ਇੱਥੇ ਬੈਠੇ ਰਹਾਂਗੇ? ਪੈਸੇ ਆ ਗਏ ਤਾਂ ਠੀਕ ਹੈ, ਪਰ ਕੀ ਪਤਾ ਤੇਰੇ ਘਰ ਵਾਲ਼ੇ ਇੰਨੀ ਵੱਡੀ ਰਕਮ ਨਾ ਵੀ ਜਮ੍ਹਾ ਕਰ ਸਕਣ। ਤਾਤਾਰ ਅੱਜ ਕੱਲ ਗੁੱਸੇ ਵਿੱਚ ਹਨ ਕਿ ਰੂਸੀਆਂ ਨੇ ਉਨ੍ਹਾਂ ਦੇ

ਆਦਮੀ ਨੂੰ ਮਾਰ ਦਿੱਤਾ ਹੈ। ਇਸ ਲਈ ਸਾਨੂੰ ਮਾਰਨਾ ਚਾਹੁੰਦੇ ਹਨ।"

ਕਸਤੀਲਿਨ ਸੋਚਦਾ ਰਿਹਾ, ਸੋਚਦਾ ਰਿਹਾ ਫਿਰ ਬੋਲਿਆ

"ਅੱਛਾ, ਚੱਲੋ!"

(5)

ਝੀਲਿਨ ਮਘੋਰੇ ਅੰਦਰ ਵੜ ਗਿਆ ਤੇ ਉਸਨੂੰ ਥੋੜਾ ਜਿਹਾ ਹੋਰ ਪੁੱਟ ਕੇ ਖੁੱਲਾ ਕੀਤਾ ਤਾਂ ਜੋ ਕਸਤੀਲਿਨ ਵੀ ਨਿਕਲ ਸਕੇ; ਹੁਣ ਉਹ ਬੈਠੇ ਉਡੀਕ ਰਹੇ ਸਨ ਕਿ ਕਦੋਂ ਪਿੰਡ ਵਿੱਚ ਸਭ ਕੁੱਝ ਸ਼ਾਂਤ ਜਿਹਾ ਹੋ ਜਾਵੇ।

ਜਿਵੇਂ ਹੀ ਪਿੰਡ ਵਿੱਚ ਸੰਝ ਪਈ, ਝੀਲਿਨ ਕੰਧ ਹੇਠਾਂ ਵੜਿਆ ਤੇ ਬਾਹਰ ਨਿਕਲ ਆਇਆ। ਕਸਤੀਲਿਨ ਵੀ ਵੜਿਆ ਪਰ ਉਸਦਾ ਪੈਰ ਪੱਥਰ ਨਾਲ਼ ਅਟਕ ਗਿਆ ਤੇ ਸ਼ੋਰ ਹੋਇਆ। ਮਾਲਕ ਨੇ ਰਖਵਾਲੀ ਲਈ ਇੱਕ ਕੁੱਤਾ ਪਾਲਿਆ ਹੋਇਆ ਸੀ, ਉਹ ਬਹੁਤ ਹੀ ਕੌੜਾ ਸੀ; ਉਸਾਦ ਨਾਂ ਸੀ ਉਲਯਾਸ਼ਿਨ। ਝੀਲਿਨ ਨੇ ਉਸਨੂੰ ਪਹਿਲੋਂ ਹੀ ਪਰਚਾਇਆ ਹੋਇਆ ਸੀ। ਉਲਯਾਸ਼ਿਨ ਨੇ ਰੌਲਾ ਸੁਣਿਆ, ਭੌਂਕਿਆ ਤੇ ਉਨ੍ਹਾਂ ਵੱਲ ਵਧਿਆ ਤੇ ਉਸਦੇ ਪਿੱਛੇ ਪਿੱਛੇ ਦੂਜੇ ਕੁੱਤੇ ਵੀ ਆਏ। ਝੀਲਿਨ ਨੇ ਹੌਲ਼ੀ ਜਿਹੀ ਸੀਟੀ ਵਜਾਈ ਤੇ ਰੋਟੀ ਦਾ ਟੁਕੜਾ ਸੁੱਟਿਆ। ਉਲਯਾਸ਼ਿਨ ਉਸਨੂੰ ਪਛਾਣ ਗਿਆ ਤੇ ਪੂੰਛ ਹਿਲਾਉਣ ਲੱਗਾ। ਉਸਨੇ ਭੌਂਕਣਾ ਬੰਦ ਕਰ ਦਿੱਤਾ।

ਮਾਲਕ ਨੇ ਅਵਾਜ਼ ਸੁਣੀ ਤੇ ਅੰਦਰੋਂ ਹੀ ਕੁੱਤੇ ਨੂੰ ਪੁਚਕਾਰਿਆ: "ਲੌਹ! ਲੌਹ! ਉਲਯਾਸ਼ਿਨ!"

ਝੀਲਿਨ ਕੁੱਤੇ ਦੇ ਕੰਨਾਂ ਪਿੱਛੇ ਹੱਥ ਫੇਰ ਰਿਹਾ ਸੀ ਕੁੱਤਾ ਚੁੱਪ ਸੀ ਤੇ ਉਸਦੇ ਪੈਰਾਂ ਨਾਲ਼ ਆਪਣੀ ਨੱਕ ਰਗੜ ਰਿਹਾ ਸੀ ਤੇ ਪੂਛ ਹਿਲਾ ਰਿਹਾ ਸੀ।

ਉਹ ਕੁੱਝ ਦੇਰ ਕੋਨੇ ਪਿੱਛੇ ਲੁਕ ਕੇ ਬੈਠੇ ਰਹੇ। ਚਾਰੇ ਪਾਸੇ ਸੱਨਾਟਾ ਪਸਰ ਗਿਆ; ਬਸ ਇੱਕ ਕੋਠੜੀ ਵਿੱਚ ਭੇਡ ਮਿਮਿਆ ਰਹੀ ਸੀ ਤੇ ਹੇਠਾਂ ਪੱਥਰਾਂ 'ਤੇ ਵਗਦੇ ਪਾਣੀ ਦੀ ਅਵਾਜ਼ ਹੋ ਰਹੀ ਸੀ ਹਨ੍ਹੇਰਾ ਸੀ, ਤਾਰੇ ਲੁਕ ਗਏ ਸਨ, ਪਹਾੜ ਉੱਤੇ ਦਾਤੀ ਵਰਗਾ ਚੰਨ ਨਿਕਲ ਰਿਹਾ ਸੀ। ਤੰਗ ਘਾਟੀਆਂ ਵਿੱਚ ਦੁੱਧ ਵਰਗੀ ਚਿੱਟੀ ਧੁੰਦ ਫੈਲ ਰਹੀ ਸੀ।

ਝੀਲਿਨ ਉਠਿਆ ਤੇ ਕਸਤੀਲਿਨ ਨੂੰ ਬੋਲਿਆ: "ਚੱਲ, ਚੱਲੀਏ।"

ਉਹ ਚੱਲ ਪਏ ਪਰ ਦੋ ਪੈਰ ਹੀ ਤੁਰੇ ਸਨ ਕਿ ਮੁੱਲੇ ਨੂੰ ਅਜ਼ਾਨ ਦਿੰਦਿਆਂ ਸੁਣਿਆ: "ਅੱਲਾਹ, ਹੋ ਅਕਬਰ!" ਤਾਂ ਹੁਣ ਲੋਕ ਮਸਜਿਦ ਵੱਲ ਜਾਣਗੇ। ਉਹ ਫਿਰ ਦੀਵਾਰ ਕੋਲ਼ ਲੁੱਕ ਕੇ ਬੈਠ ਗਏ ਤੇ ਬਹੁਤ ਸਮਾਂ ਬੈਠੇ ਰਹੇ ਜਦੋਂ ਤੱਕ ਕਿ ਸਾਰੇ ਲੋਕ ਲੰਘ ਨਾ ਗਏ। ਮੁੜ ਸੱਨਾਟਾ ਹੋ ਗਿਆ।

"ਚੱਲ, ਚੱਲੀਏ ਰੱਬ ਦਾ ਨਾਂ ਲੈ ਕੇ!" ਉਨ੍ਹਾਂ ਨੇ ਛਾਤੀ 'ਤੇ ਸਲੀਬ ਦਾ ਨਿਸ਼ਾਨ ਬਣਾਇਆ ਤੇ ਤੁਰ ਪਏ। ਉਹ ਵਿਹੜਾ ਪਾਰ ਕਰਕੇ ਢਲਾਣ ਉੱਤੇ ਨਦੀ ਤੱਕ ਉੱਤਰ ਆਏ। ਨਦੀ ਪਾਰ ਕੀਤੀ ਤੇ ਤੰਗ ਘਾਟੀ ਵਿੱਚ ਚੱਲਣ ਲੱਗੇ। ਧੁੰਦ ਸੰਘਣੀ ਤੇ ਨੀਂਵੀ ਸੀ। ਉੱਤੇ ਤਾਰੇ ਬਿਲਕੁਲ ਸਾਫ਼ ਸਾਫ਼ ਦਿਸ ਰਹੇ ਸਨ। ਝੀਲਿਨ

ਤਾਰਿਆਂ ਨੂੰ ਵੇਖ ਵੇਖ ਇਹ ਅੰਦਾਜ਼ਾ ਲਾ ਰਿਹਾ ਸੀ ਕਿ ਕਿੱਧਰ ਜਾਣਾ ਚਾਹੀਦਾ ਹੈ। ਧੁੰਦ ਨਾਲ਼ ਹਵਾ ਵਿੱਚ ਤਾਜ਼ਗੀ ਸੀ; ਤੁਰਨਾ ਸੌਖਾ ਸੀ ਪਰ, ਬੂਟ ਤੰਗ ਕਰ ਰਹੇ ਸਨ; ਉਹ ਇੱਕ ਪਾਸਿਓਂ ਵੱਧ ਘਸੇ ਹੋਏ ਸਨ। ਜ਼ੀਲਿਨ ਨੇ ਆਪਣੇ ਬੂਟ ਲਾਹ ਕੇ ਸੁੱਟ ਦਿੱਤੇ ਅਤੇ ਨੰਗੇ ਪੈਰੀਂ ਚੱਲਣ ਲੱਗਾ। ਉਹ ਇੱਕ ਪੱਥਰ ਤੋਂ ਦੂਜੇ ਪੱਥਰ ਵੱਲ ਉਛਲਦਾ ਜਾ ਰਿਹਾ ਸੀ ਤੇ ਤਾਰਿਆਂ ਨੂੰ ਵੇਖਦਾ ਜਾ ਰਿਹਾ ਸੀ। ਕਸਤੀਲਿਨ ਪਿੱਛੇ ਰਹਿ ਗਿਆ ਤੇ ਬੋਲਿਆ:

"ਥੋੜਾ ਹੌਲ਼ੀ ਚੱਲ, ਕੰਬਖ਼ਤ ਬੂਟ ਸਾਰੇ ਪੈਰਾਂ 'ਤੇ ਲੱਗ ਰਹੇ ਹਨ।"

"ਤਾਂ ਲਾਹ ਦੇ ਨਾ, ਜ਼ਿਆਦਾ ਵਧੀਆ ਰਹੇਗਾ।"

ਕਸਤੀਲਿਨ ਨੰਗੇ ਪੈਰੀਂ ਤੁਰਿਆ ਤਾਂ ਹੋਰ ਵੀ ਜ਼ਿਆਦਾ ਤਕਲੀਫ਼ ਹੋਈ; ਰੋੜਿਆਂ ਨਾਲ਼ ਸਾਰੇ ਪੈਰ ਜ਼ਖਮੀ ਹੋ ਗਏ ਤੇ ਉਹ ਹੋਰ ਵੀ ਪਿੱਛੇ ਰਹਿੰਦਾ ਗਿਆ। ਜ਼ੀਲਿਨ ਨੇ ਉਸਨੂੰ ਕਿਹਾ:

"ਪੈਰ ਜੇ ਛਿੱਲੇ ਜਾਣ ਤਾਂ ਠੀਕ ਵੀ ਹੋ ਜਾਣਗੇ, ਪਰ ਜੇ ਪਕੜੇ ਗਏ ਤਾਂ ਤਾਤਾਰਾਂ ਹੱਥੋਂ ਮਾਰੇ ਜਾਵਾਂਗੇ।"

ਕਸਤੀਲਿਨ ਕੁੱਝ ਨਾ ਬੋਲਿਆ, ਬਸ ਹੱਫਦਾ ਤੇ ਖੰਘਦਾ ਤੁਰਦਾ ਗਿਆ। ਕਾਫੀ ਸਮੇਂ ਤੱਕ ਉਹ ਢਲਾਣ ਵਲ ਤੁਰਦੇ ਰਹੇ। ਇੱਕ ਦਮ ਸੱਜੇ ਪਾਸਿਓਂ ਕੁੱਤਿਆਂ ਦੇ ਭੌਂਕਣ ਦੀ ਅਵਾਜ਼ ਆਈ ਜ਼ੀਲਿਨ ਰੁਕਿਆ ਤੇ ਇੱਧਰ ਉੱਧਰ ਵੇਖਣ ਲੱਗਾ, ਉਹ ਪਹਾੜ 'ਤੇ ਚੜ੍ਹਿਆ ਤੇ ਹੱਥਾਂ ਨਾਲ਼ ਟੋਹਲਣ ਲੱਗਾ। ਉਹ ਬੋਲਿਆ:

"ਉਹ! ਗਲਤੀ ਹੋ ਗਈ। ਅਸੀਂ ਸੱਜੇ ਪਾਸੇ ਵੱਲ ਜ਼ਿਆਦਾ ਆ ਗਏ ਹਾਂ। ਇਹ ਦੂਜਾ ਪਿੰਡ ਹੈ, ਮੈਂ ਪਹਾੜ ਤੋਂ ਵੇਖਿਆ ਸੀ। ਸਾਨੂੰ ਪਿੱਛੇ ਜਾਣਾ ਚਾਹੀਦਾ ਹੈ, ਉਸ ਖੱਬੇ ਪਾਸੇ ਵਾਲ਼ੇ ਪਹਾੜ ਵੱਲ ਉੱਥੇ ਜੰਗਲ ਹੋਣਾ ਚਾਹੀਦਾ ਹੈ।"

ਕਸਤੀਲਿਨ ਬੋਲਿਆ:

"ਥੋੜੀ ਦੇਰ ਤਾਂ ਰੁਕ ਜਾ, ਜ਼ਰਾ ਅਰਾਮ ਕਰਨ ਦੇ, ਮੇਰੇ ਪੈਰ ਖ਼ੂਨੋਖ਼ੂਨ ਹੋ ਗਏ ਹਨ।"

"ਉਹੋ! ਕੋਈ ਗੱਲ ਨਹੀਂ, ਠੀਕ ਹੋ ਜਾਣਗੇ। ਤੂੰ ਹੌਲ਼ੀ ਛਾਲ਼ ਮਾਰ। ਏ...ਇੱਦਾਂ।"

ਤੇ ਜ਼ੀਲਿਨ ਪਿੱਛੇ ਖੱਬੇ ਪਾਸੇ ਵੱਲ ਦੌੜਨ ਲੱਗਾ, ਉੱਤੇ ਪਹਾੜ 'ਤੇ ਜੰਗਲ ਵਿੱਚ ਗਿਆ। ਕਸਤੀਲਿਨ ਹਾਏ ਤੌਬਾ ਕਰਦਾ ਜਾਵੇ ਤੇ ਹੌਲ਼ੀ ਹੌਲ਼ੀ ਪਿੱਛੇ ਛੁੱਟਦਾ ਜਾਵੇ। ਜ਼ੀਲਿਨ ਉਸਨੂੰ ਝਿੜਕਦਾ ਤੇ ਆਪ ਤੁਰਦਾ ਜਾਂਦਾ।

ਅਖੀਰ ਉਹ ਪਹਾੜ 'ਤੇ ਚੜ੍ਹ ਗਏ। ਉੱਥੇ ਸੱਚੀਂ ਇੱਕ ਜੰਗਲ ਸੀ। ਜੰਗਲ ਵਿੱਚ ਵੜਦਿਆਂ ਹੀ ਕੰਡਿਆਂ ਨਾਲ਼ ਸਾਰੇ ਕੱਪੜੇ ਫੱਟ ਗਏ। ਜੰਗਲ ਵਿੱਚ ਉਨ੍ਹਾਂ ਨੂੰ ਰਸਤਾ ਮਿਲ਼ਿਆ ਤੇ ਉਹ ਉਸ ਵੱਲ ਤੁਰ ਪਏ।

"ਠਹਿਰੋ" ਰਸਤੇ 'ਤੇ ਅਵਾਜ਼ ਸੁਣੀ। ਉਹ ਰੁਕ ਗਏ ਤੇ ਕੰਨ ਲਾ ਕੇ ਸੁਣਨ ਲੱਗੇ। ਘੋੜੇ ਦੇ ਪੈਰਾਂ ਦੀ ਅਵਾਜ਼ ਸੁਣੀ ਤੇ ਰੁਕ ਗਈ। ਉਹ ਚੱਲੇ ਤਾਂ ਫਿਰ ਅਵਾਜ਼ ਸੁਣੀ, ਜਦੋਂ ਉਹ ਰੁਕ ਜਾਣ ਤਾਂ ਅਵਾਜ਼ ਵੀ ਰੁੱਕ ਜਾਵੇ। ਜ਼ੀਲਿਨ ਘਿਸਰ-ਘਿਸਰ ਕੇ ਕੋਲ਼ ਗਿਆ, ਰੌਸ਼ਨੀ ਵਿੱਚ ਵੇਖਿਆ ਤਾਂ ਸੜਕ 'ਤੇ ਕੋਈ ਖ਼ੜਾ ਸੀ,

ਪਤਾ ਨਹੀਂ ਘੋੜਾ ਸੀ ਜਾਂ ਹੋਰ ਕੁੱਝ ਤੇ ਉਸਦੇ ਉੱਤੇ ਕੁੱਝ ਅਜੀਬ ਜਿਹਾ ਸੀ, ਆਦਮੀ ਦੀ ਸ਼ਕਲ ਦਾ ਨਹੀਂ। ਝੀਲਿਨ ਨੇ ਸੁਣਿਆ ਕਿ ਉਸਨੇ ਫੁਨਕਾਰ ਭਰੀ। "ਕੀ ਅਜੂਬਾ ਹੈ।" ਝੀਲਿਨ ਨੇ ਹੌਲ਼ੀ ਜਿਹੇ ਸੀਟੀ ਵਜਾਈ, ਉਹ ਬਿਜਲੀ ਵਾਂਗ ਜੰਗਲ ਵੱਲ ਦੌੜਿਆ ਤੇ ਜੰਗਲ ਵਿੱਚ ਤੜ ਤੜ ਹੋਣ ਲੱਗੀ; ਜਿਵੇਂ ਹਨ੍ਹੇਰੀ ਆ ਗਈ ਹੋਵੇ ਤੇ ਸੁੱਕੀਆਂ ਲੱਕੜਾਂ ਨੂੰ ਤੋੜ ਰਹੀ ਹੋਵੇ।

ਕਸਤੀਲਿਨ ਤਾਂ ਡਰ ਦੇ ਮਾਰੇ ਕੰਬਣ ਲੱਗਾ। ਝੀਲਿਨ ਹੱਸੀ ਗਿਆ ਤੇ ਬੋਲਿਆ:

"ਉਹੋ! ਇਹ ਤਾਂ ਬਾਰਾਸਿੰਘਾ ਸੀ। ਸੁਣ ਰਿਹੈਂ ਕਿਵੇਂ ਸਿੰਘਾਂ ਨਾਲ਼ ਟਹਿਣੀਆਂ ਤੋੜਦਾ ਆ ਰਿਹੈ। ਅਸੀਂ ਉਸਤੋਂ ਡਰ ਰਹੇ ਸਾਂ ਤੇ ਉਹ ਸਾਡੇ ਤੋਂ।"



ਉਹ ਅੱਗੇ ਚੱਲ ਪਏ। ਸਵੇਰਾ ਹੋਣ ਵਿੱਚ ਬਹੁਤੀ ਦੇਰ ਨਹੀਂ ਸੀ ਪਰ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਉਹ ਸਹੀ ਦਿਸ਼ਾ ਵਲ ਜਾ ਰਹੇ ਹਨ ਜਾਂ ਨਹੀਂ। ਝੀਲਿਨ ਨੂੰ ਲੱਗ ਰਿਹਾ ਸੀ ਕਿ ਉਸਨੂੰ ਇਸੇ ਰਸਤੇ ਤੋਂ ਇੱਥੇ ਲਿਆਂਦਾ ਗਿਆ ਸੀ ਤੇ ਕਿਲਾ ਇੱਥੋਂ ਕੋਈ ਸੱਤ ਕੁ ਮੀਲ ਦੀ ਵਿੱਥ 'ਤੇ ਹੋਵੇਗਾ ਪਰ ਕੋਈ ਪੱਕੀ ਨਿਸ਼ਾਨੀ ਨਹੀਂ ਸੀ ਤੇ ਰਾਤ ਨੂੰ ਪਤਾ ਵੀ ਤਾਂ ਨਹੀਂ ਸੀ ਚੱਲ ਸਕਦਾ। ਇੰਝ ਹੀ ਤੁਰਦੇ ਤੁਰਦੇ ਉਹ ਇੱਕ ਛੋਟੇ ਜਿਹੇ ਮੈਦਾਨ ਤੱਕ ਪਹੁੰਚੇ। ਕਸਤੀਲਿਨ ਬੈਠ ਗਿਆ ਤੇ ਬੋਲਿਆ:

"ਤੂੰ ਜੋ ਚਾਹੇ ਕਰ, ਪਰ ਮੈਂ ਤਾਂ ਨਹੀਂ ਪਹੁੰਚ ਸਕਾਂਗਾ! ਹੁਣ ਲੱਤਾਂ ਨਹੀਂ ਚੱਲਦੀਆਂ।"

ਝੀਲਿਨ ਉਸਨੂੰ ਮਨਾਉਣ ਲੱਗਾ।

"ਨਹੀਂ, ਨਹੀਂ ਪਹੁੰਚ ਸਕਾਂਗਾ। ਚੱਲਿਆ ਨਹੀਂ ਜਾਂਦਾ।" ਉਹ ਬੋਲਿਆ।

ਝੀਲਿਨ ਨੂੰ ਗੁੱਸਾ ਆ ਗਿਆ। ਉਸਨੇ ਥੁੱਕਿਆ ਤੇ ਕਸਤੀਲਿਨ ਨੂੰ ਲਾਹਣਤ ਪਾਈ।

"ਠੀਕ ਹੈ, ਮੈਂ ਇਕੱਲਾ ਹੀ ਚਲਾ ਜਾਵਾਂਗਾ, ਤੂੰ ਬੈਠਾ ਰਹਿ ਇੱਥੇ ਹੀ।"

ਕਸਤੀਲਿਨ ਉੱਠਿਆ ਤੇ ਤੁਰ ਪਿਆ। ਉਹ ਲਗਭਗ ਤਿੰਨ ਮੀਲ ਤੱਕ ਤੁਰਦੇ ਰਹੇ। ਜੰਗਲ ਵਿੱਚ ਧੁੰਦ ਹੋਰ ਵੀ ਜ਼ਿਆਦਾ ਸੰਘਣੀ ਸੀ; ਸਾਹਮਣੇ ਕੁੱਝ ਨਹੀਂ ਸੀ ਦਿਖਾਈ ਦਿੰਦਾ, ਤਾਰੇ ਵੀ ਥੋੜੇ ਥੋੜੇ ਹੀ ਦਿਖ ਰਹੇ ਸਨ।

ਇੱਕੋਦਮ ਉਨ੍ਹਾਂ ਨੂੰ ਅੱਗਿਓਂ ਘੋੜੇ ਦੇ ਪੈਰਾਂ ਦੀ ਅਵਾਜ਼ ਸੁਣੀ। ਘੋੜੇ ਦੀ ਨਾਲ਼ ਪੱਥਰਾਂ ਨਾਲ਼ ਵੱਜਣ

ਦੀ ਅਵਾਜ਼ ਆ ਰਹੀ ਸੀ। ਝੀਲਿਨ ਢਿੱਡ ਭਾਰ ਲੰਮਾ ਪੈ ਗਿਆ ਤੇ ਜ਼ਮੀਨ ਨੂੰ ਕੰਨ ਲਾ ਕੇ ਸੁਣਨ ਲੱਗ ਪਿਆ।

"ਹਾਂ, ਕੋਈ ਘੁੜਸਵਾਰ ਇੱਧਰ ਨੂੰ ਹੀ ਆ ਰਿਹੈ।"

ਉਹ ਰਸਤੇ ਤੋਂ ਹੇਠਾਂ ਆ ਕੇ ਝਾੜੀਆਂ ਵਿੱਚ ਲੁਕ ਗਏ ਤੇ ਉਡੀਕ ਕਰਨ ਲੱਗੇ। ਝੀਲਿਨ ਘਿਸਰ ਕੇ ਰਸਤੇ ਕੋਲ਼ ਗਿਆ ਤੇ ਵੇਖਿਆ ਕਿ ਘੁੜਸਵਾਰ ਤਾਤਾਰ ਆ ਰਿਹਾ ਹੈ ਤੇ ਆਪਣੇ ਨਾਲ਼ ਗਾਂ ਲਿਆ ਰਿਹਾ ਹੈ। ਉਹ ਗੁਣਗੁਣਾਉਂਦਾ ਜਾ ਰਿਹਾ ਹੈ। ਤਾਤਾਰ ਲੰਘ ਗਿਆ ਤੇ ਝੀਲਿਨ ਕਸਤੀਲਿਨ ਕੋਲ਼ ਮੁੜ ਆਇਆ।

"ਬਚਾ ਲਿਆ ਰੱਬ ਨੇ! ਉੱਠ ਚੱਲੀਏ।"

ਕਸਤੀਲਿਨ ਉੱਠਣ ਲੱਗਾ ਪਰ ਡਿੱਗ ਗਿਆ।

"ਨਹੀਂ ਤੁਰ ਸਕਦਾ, ਹਾਏ ਓ ਰੱਬਾ ਨਹੀਂ ਤੁਰ ਸਕਦਾ ਮੈਂ, ਹਿੰਮਤ ਨਹੀਂ ਰਹੀ।"

ਉਹ ਇੱਕ ਹੱਟਾ-ਕੱਟਾ ਆਦਮੀ ਸੀ ਤੇ ਉਸਨੂੰ ਪਸੀਨਾ ਆ ਗਿਆ ਸੀ ਅਤੇ ਇੱਥੇ ਜੰਗਲ ਵਿੱਚ ਠੰਡੀ ਧੁੰਦ ਸੀ। ਉਸਦੇ ਪੈਰ ਪੱਟ ਜਾਣ ਕਾਰਨ ਵੀ ਉਹ ਨਿਢਾਲ ਹੋ ਗਿਆ ਸੀ। ਝੀਲਿਨ ਜ਼ੋਰ ਲਾ ਕੇ ਉਸਨੂੰ ਚੁੱਕਣ ਲੱਗਾ ਤਾਂ ਉਹ ਚੀਕ ਪਿਆ:

"ਹਾਏ ਦਰਦ ਹੁੰਦਾ ਏ!"

ਝੀਲਿਨ ਦੇ ਸਾਹ ਸੁੱਕ ਗਏ।

"ਚੀਕਦਾ ਕਿਉਂ ਏਂ? ਤਾਤਾਰ ਹਲੇ ਕੋਲ਼ ਈ ਏ, ਜੇ ਉਸਨੇ ਸੁਣ ਲਿਆ ਫਿਰ?" ਤੇ ਉਹ ਮਨ ਹੀ ਮਨ ਸੋਚਣ ਲੱਗਾ: "ਇਹ ਤਾਂ ਸੱਚੀਂ ਹੀ ਟੁੱਟ ਗਿਆ ਏ, ਮੈਂ ਇਸਦਾ ਕੀ ਕਰਾਂ? ਸਾਥੀ ਨੂੰ ਛੱਡ ਕੇ ਜਾਣਾ ਤਾਂ ਠੀਕ ਨਹੀਂ।" ਫਿਰ ਬੋਲਿਆ:

"ਚੰਗਾ, ਉੱਠ ਤੇ ਮੇਰੀ ਪਿੱਠ 'ਤੇ ਬੈਠ ਜਾ, ਜੇ ਤੂੰ ਤੁਰ ਨਹੀਂ ਸਕਦਾ ਤਾਂ ਮੈਂ ਚੁੱਕ ਕੇ ਲੈ ਚੱਲਾਂਗਾ।" ਉਸਨੇ ਕਸਤੀਲਿਨ ਨੂੰ ਪਿੱਠ 'ਤੇ ਬਿਠਾਇਆ, ਪੱਟਾਂ ਹੇਠੋਂ ਉਸਨੂੰ ਫੜ ਲਿਆ ਤੇ ਰਾਹ 'ਤੇ ਆ ਕੇ ਤੁਰਨ ਲੱਗਾ।

"ਉਹੋ! ਰੱਬ ਵਾਸਤੇ ਮੇਰਾ ਗਲ਼ ਤਾਂ ਨਾ ਘੁੱਟ! ਮੋਢਿਆਂ ਤੋਂ ਫੜੀ ਰੱਖ।"

ਝੀਲਿਨ ਨੂੰ ਬਹੁਤ ਮੁਸ਼ਕਿਲ ਹੋ ਰਹੀ ਸੀ — ਉਸਦੇ ਪੈਰ ਵੀ ਖ਼ੂਨ ਨਾਲ਼ ਲੱਥਪੱਥ ਸਨ ਤੇ ਉਹ ਥੱਕ ਵੀ ਗਿਆ ਸੀ। ਉਹ ਹੇਠਾਂ ਝੁਕਦਾ, ਕਸਤੀਲਿਨ ਨੂੰ ਉਛਾਲਦਾ, ਤਾਂ ਜੋ ਉਹ ਪਿੱਠ 'ਤੇ ਠੀਕ ਤਰ੍ਹਾਂ ਉੱਪਰ ਨੂੰ ਬੈਠਾ ਰਹੇ ਤੇ ਅੱਗੇ ਪੈਰ ਧਰਨ ਲੱਗ ਜਾਂਦਾ।

ਤਾਤਾਰ ਨੇ ਕਸਤੀਲਿਨ ਦੇ ਚੀਕਣ ਦੀ ਅਵਾਜ਼ ਸੁਣ ਲਈ ਲੱਗਦੀ ਸੀ। ਝੀਲਿਨ ਨੇ ਸੁਣਿਆ ਕਿ ਪਿੱਛਿਓਂ ਕੋਈ ਘੋੜੇ 'ਤੇ ਆ ਰਿਹਾ ਹੈ ਤੇ ਆਪਣੀ ਬੋਲੀ ਵਿੱਚ ਜ਼ੋਰ ਜ਼ੋਰ ਦੀ ਬੋਲ ਰਿਹਾ ਹੈ। ਝੀਲਿਨ ਝਾੜੀਆਂ ਵੱਲ ਦੌੜਿਆ। ਤਾਤਾਰ ਨੇ ਬੰਦੂਕ ਕੱਢੀ ਤੇ ਗੋਲ਼ੀ ਚਲਾਈ, ਨਿਸ਼ਾਨਾ ਠੀਕ ਨਾਂ ਬੈਠਿਆ। ਉਸਨੇ ਆਪਣੀ ਬੋਲੀ ਵਿੱਚ ਚੀਖ ਕੇ ਕੁੱਝ ਕਿਹਾ ਤੇ ਘੋੜਾ ਵਾਪਸ ਦੁੜਾ ਲੈ ਗਿਆ।



ਝੀਲਿਨ ਬੋਲਿਆ: "ਬਸ ਭਾਈ, ਹੁਣ ਅਸੀਂ ਗਏ। ਉਹ ਕੰਬਖ਼ਤ ਤਾਤਾਰਾਂ ਨੂੰ ਇਕੱਠੇ ਕਰ ਲਿਆਏਗਾ ਸਾਡਾ ਪਿੱਛਾ ਕਰਨ ਲਈ। ਜੇਕਰ ਅਸੀਂ ਦੋ ਮੀਲ ਦੂਰ ਤੱਕ ਭੱਜ ਕੇ ਨਾ ਨਿਕਲੇ ਤਾਂ ਫਿਰ ਅਸੀਂ ਗਏ।" ਮਨ ਹੀ ਮਨ ਉਹ ਕਸਤੀਲਿਨ ਬਾਰੇ ਸੋਚ ਰਿਹਾ ਸੀ "ਕਿਉਂ ਮੈਂ ਇਸ ਭਾਰ ਨੂੰ ਆਪਣੇ ਨਾਲ਼ ਲੈ ਆਇਆ। ਇਕੱਲਾ ਤਾਂ ਮੈਂ ਕਦੋਂ ਦਾ ਨਿਕਲ ਗਿਆ ਹੁੰਦਾ।" ਕਸਤੀਲਿਨ ਬੋਲਿਆ:

"ਜਾ ਤੂੰ ਇਕੱਲਾ ਚਲਾ ਜਾ! ਮੇਰੇ ਲਈ ਤੂੰ ਕਿਉਂ ਮਰਦਾ ਏਂ।"

"ਨਹੀਂ ਇਕੱਲਾ ਨਹੀਂ ਜਾਵਾਂਗਾ, ਸਾਥੀ ਨੂੰ ਛੱਡਣਾ ਠੀਕ ਨਹੀਂ।"

ਉਸਨੇ ਇੱਕ ਵਾਰ ਫਿਰ ਕਸਤੀਲਿਨ ਨੂੰ ਪਿੱਠ 'ਤੇ ਲੱਦਿਆ ਤੇ ਤੁਰ ਪਿਆ। ਇੰਝ ਉਹ ਕੁੱਝ ਪੌਣੇ ਕੁ ਮੀਲ ਤੁਰਿਆ ਹੋਵੇਗਾ। ਉਹ ਜੰਗਲ-ਜੰਗਲ ਹੀ ਜਾ ਰਿਹਾ ਸੀ ਤੇ ਜੰਗਲ ਦਾ ਅੰਤ ਕਿਤੇ ਨਹੀਂ ਸੀ ਦਿਖ ਰਿਹਾ। ਧੁੰਦ ਛਾਣ ਲੱਗੀ ਤੇ ਇੰਝ ਲੱਗਦਾ ਸੀ ਜਿਵੇਂ ਬੱਦਲ ਛਾ ਰਹੇ ਹੋਣ, ਤਾਰੇ ਦਿਖਾਈ ਨਹੀਂ ਸਨ ਦੇ ਰਹੇ। ਝੀਲਿਨ ਦਾ ਬੁਰਾ ਹਾਲ ਹੋ ਰਿਹਾ ਸੀ।

ਅਖੀਰ ਉਹ ਇੱਕ ਥਾਂ ਪਹੁੰਚੇ: ਸੜਕ ਕਿਨਾਰੇ ਇੱਕ ਚਸ਼ਮਾ ਸੀ। ਉਹ ਰੁੱਕ ਗਿਆ ਤੇ ਕਸਤੀਲਿਨ ਨੂੰ ਲਾਹ ਕੇ ਬੋਲਿਆ:

"ਥੋੜਾ ਅਰਾਮ ਕਰ ਲਵਾਂ! ਪਾਣੀ ਪੀ ਲਵਾਂ। ਆ ਰੋਟੀ ਖਾ ਲਈਏ। ਹੁਣ ਤਾਂ ਥੋੜੀ ਹੀ ਦੂਰ ਹੋਣਾ ਚਾਹੀਦਾ ਹੈ।"

ਉਹ ਪਾਣੀ ਪੀਣ ਲਈ ਝੁਕਿਆ ਹੀ ਸੀ ਕਿ ਪਿੱਛਿਓਂ ਘੋੜੇ ਦੇ ਪੈਰਾਂ ਦੀ ਅਵਾਜ਼ ਸੁਣਾਈ ਦਿੱਤੀ। ਉਹ ਫਿਰ ਸੱਜੇ ਪਾਸੇ ਵੱਲ ਦੌੜੇ ਤੇ ਢਲਾਨ 'ਤੇ ਝਾੜੀਆਂ ਵਿੱਚ ਲੁਕ ਗਏ।

ਉੱਪਰੋਂ ਤਾਤਾਰਾਂ ਦੀਆਂ ਅਵਾਜ਼ਾਂ ਆਉਣ ਲੱਗੀਆਂ ਤਾਤਾਰ ਉਸੇ ਥਾਂ ਰੁਕੇ ਸਨ ਜਿੱਥੋਂ ਉਹ ਸੱਜੇ ਪਾਸੇ ਵਲ ਮੁੜੇ ਸਨ। ਤਾਤਾਰਾਂ ਨੇ ਕੁੱਝ ਗੱਲਾਂ ਕੀਤੀਆਂ ਤੇ ਫਿਰ ਸ਼ਸ਼ਕੇਰਨ ਲੱਗੇ। ਝਾੜੀਆਂ ਵਿੱਚ ਕੁੱਝ ਅਵਾਜ਼ ਹੋਈ ਤੇ ਇੱਕ ਅਨਜਾਣ ਕੁੱਤਾ ਸਿੱਧਾ ਉਨ੍ਹਾਂ ਵੱਲ ਵਧ ਗਿਆ। ਉਹ ਰੁਕਿਆ ਤੇ ਭੌਂਕਣ ਲੱਗਾ।

ਤਾਤਾਰ ਵੀ ਵਧੇ, ਉਨ੍ਹਾਂ ਨੂੰ ਵੀ ਜ਼ੀਲਿਨ ਨਹੀਂ ਸੀ ਜਾਣਦਾ। ਉਨ੍ਹਾਂ ਨੇ ਇਹਨਾਂ ਦੋਨਾਂ ਨੂੰ ਪਕੜ ਕੇ ਬੰਨ ਦਿੱਤਾ ਤੇ ਘੋੜਿਆਂ 'ਤੇ ਬਿਠਾ ਕੇ ਲੈ ਗਏ।

ਉਹ ਕੋਈ ਦੋ ਕੁ ਮੀਲ ਹੀ ਗਏ ਹੋਣਗੇ ਕਿ ਮਾਲਕ ਅਬਦੁਲ ਤੇ ਦੋ ਤਾਤਾਰ ਰਾਹ 'ਚ ਮਿਲੇ। ਉਹਨਾਂ ਨੂੰ ਤਾਤਾਰਾਂ ਨਾਲ਼ ਕੁੱਝ ਗੱਲਬਾਤ ਕੀਤੀ, ਇਹਨਾਂ ਦੋਨਾਂ ਨੂੰ ਆਪਣੇ ਘੋੜਿਆਂ 'ਤੇ ਬਿਠਾਇਆ ਤੇ ਵਾਪਸ ਪਿੰਡ ਵਲ ਲੈ ਤੁਰੇ।

ਅਬਦੁਲ ਹੁਣ ਹੱਸ ਨਹੀਂ ਸੀ ਰਿਹਾ ਤੇ ਨਾਂ ਹੀ ਉਸਨੇ ਇਹਨਾਂ ਦੋਨਾਂ ਨਾਲ਼ ਕੋਈ ਗੱਲ ਕੀਤੀ।

ਉਹ ਸਵੇਰੇ ਤੜਕੇ ਉਨ੍ਹਾਂ ਨੂੰ ਪਿੰਡ ਵਾਪਸ ਲੈ ਆਏ ਤੇ ਗਲੀ ਵਿੱਚ ਲਿਆ ਕੇ ਬਿਠਾ ਦਿੱਤਾ। ਮੁੰਡੇ ਇਕੱਠੇ ਹੋ ਗਏ ਤੇ ਪੱਥਰਾਂ ਤੇ ਹੈਂਟਰਾਂ ਨਾਲ਼ ਉਹਨਾਂ ਨੂੰ ਮਾਰਨ ਲੱਗੇ ਤੇ ਚੀਕਣ ਲੱਗੇ।

ਤਾਤਾਰ ਇੱਕ ਘਰ ਵਿੱਚ ਜਮ੍ਹਾ ਹੋਏ। ਪਹਾੜੀ ਹੇਠੋਂ ਉਹ ਬੁੱਢਾ ਵੀ ਆਇਆ। ਉਹ ਗੱਲਾਂ ਕਰਨ ਲੱਗੇ ਕੋਈ ਕਹਿ ਰਿਹਾ ਸੀ ਕਿ ਹੋਰ ਦੂਰ ਪਹਾੜਾਂ ਵੱਲ ਭੇਜ ਦੇਣਾ ਚਾਹੀਦਾ ਹੈ। ਪਰ ਬੁੱਢਾ ਕਹਿ ਰਿਹਾ ਸੀ: "ਮਾਰ ਦਿਓ।" ਅਬਦੁਲ ਨਹੀਂ ਸੀ ਮੰਨ ਰਿਹਾ, ਉਹ ਕਹਿ ਰਿਹਾ ਸੀ: "ਮੈਂ ਇਹਨਾਂ ਲਈ ਪੈਸੇ ਦਿੱਤੇ ਨੇ ਤੇ ਮੈਂ ਪੈਸੇ ਵਸੂਲ ਕਰਕੇ ਹੀ ਰਹੂੰਗਾ।" ਪਰ ਬੁੱਢਾ ਕਹਿੰਦਾ ਸੀ: "ਇਹਨਾਂ ਕੁੱਝ ਨਹੀਂ ਦੇਣਾ ਦੂਣਾ, ਬਸ ਨਵੀਂ ਆਫ਼ਤ ਹੀ ਖੜੀ ਕਰਨਗੇ। ਰੂਸੀਆਂ ਨੂੰ ਤਾਂ ਰੋਟੀ ਦੇਣਾ ਹੀ ਪਾਪ ਹੈ। ਮਾਰ ਦਿਓ ਤੇ ਬਸ ਗੱਲ ਖਤਮ।"

ਸਾਰੇ ਚਲੇ ਗਏ ਤਾਂ ਮਾਲਕ ਜ਼ੀਲਿਨ ਕੋਲ਼ ਆਇਆ ਤੇ ਕਹਿਣ ਲੱਗਾ:

"ਜੇਕਰ ਮੈਨੂੰ ਤੇਰੇ ਬਦਲੇ ਪੈਸੇ ਨਾਂ ਮਿਲੇ ਤਾਂ ਮੈਂ ਦੋ ਹਫ਼ਤੇ ਬਾਅਦ ਹੰਟਰ ਮਾਰ ਮਾਰ ਕੇ ਤੇਰੀ ਜਾਨ ਕੱਢ ਦਿਆਂਗਾ ਤੇ ਜੇ ਤੂੰ ਦੁਬਾਰਾ ਭੱਜਣ ਦੀ ਸੋਚੀ ਤਾਂ ਕੁੱਤੇ ਦੀ ਮੌਤ ਮਰੇਂਗਾ। ਚਿੱਠੀ ਲਿਖ ਤੇ ਚੰਗੀ ਤਰ੍ਹਾਂ ਲਿਖ।"

ਨੌਕਰ ਨੇ ਉਹਨਾਂ ਨੂੰ ਕਾਗਜ਼ ਲਿਆ ਕੇ ਦਿੱਤਾ ਤੇ ਉਹਨਾਂ ਨੇ ਚਿੱਠੀ ਲਿਖ ਦਿੱਤੀ। ਜ਼ੰਜ਼ੀਰਾਂ ਪਵਾ ਕੇ ਤਾਤਾਰ ਉਹਨਾਂ ਨੂੰ ਪਹਾੜੀ ਤੋਂ ਪਾਰ ਲੈ ਗਏ। ਉੱਥੇ ਇੱਕ ਟੋਆ ਸੀ, ਲਗਭਗ 12 ਫੁੱਟ ਡੂੰਘਾ, ਉਹਨਾਂ ਨੂੰ ਉਸ ਟੋਏ ਵਿੱਚ ਸੁੱਟ ਦਿੱਤਾ ਗਿਆ।

## (6)

ਹੁਣ ਉਹਨਾਂ ਦਾ ਜੀਣਾ ਬਿਲਕੁਲ ਹਰਾਮ ਹੋ ਗਿਆ ਸੀ। ਜ਼ੰਜੀਰਾਂ ਲਾਹੀਆਂ ਨਹੀਂ ਸਨ ਜਾਂਦੀਆਂ ਤੇ ਨਾਂ ਹੀ ਬਾਹਰ ਕੱਢਿਆ ਜਾਂਦਾ ਸੀ। ਟੋਏ ਵਿੱਚ ਹੀ ਉਹਨਾਂ ਲਈ ਕੁੱਤਿਆਂ ਵਾਂਗ ਕੱਚੀਆਂ ਰੋਟੀਆਂ ਸੁੱਟ ਦਿੱਤੀਆਂ ਜਾਂਦੀਆਂ ਸਨ ਤੇ ਇਸੇ ਤਰ੍ਹਾਂ ਹੀ ਰੱਸੀ ਨਾਲ਼ ਪਾਣੀ ਉਤਾਰ ਦਿੰਦੇ ਸਨ। ਟੋਏ ਵਿੱਚ ਬੋ, ਹੁੰਮਸ ਤੇ ਸਲਾਬ ਸੀ। ਕਸਤੀਲਿਨ ਤਾਂ ਬਿਲਕੁਲ ਬਿਮਾਰ ਹੀ ਪੈ ਗਿਆ। ਉਹ ਫੁੱਲ ਗਿਆ ਤੇ ਸਾਰਾ ਸਰੀਰ ਟੁੱਟਣ ਲੱਗਾ। ਉਹ ਕਰਾਹੰਦਾ ਰਹਿੰਦਾ ਜਾਂ ਸੁੱਤਾ ਰਹਿੰਦਾ। ਜ਼ੀਲਿਨ ਵੀ ਗੁਮਸੁਮ ਹੋ ਗਿਆ: ਉਹ ਵੇਖ ਰਿਹਾ ਸੀ ਕਿ ਮਾਮਲਾ ਬਿਲਕੁਲ ਵਿਗੜ ਗਿਆ ਏ। ਉਸਨੂੰ ਕੁੱਝ ਵੀ ਸਮਝ ਨਹੀਂ ਸੀ ਆ ਰਿਹਾ ਕਿ ਇੱਥੋਂ ਕਿੰਝ ਨਿਕਲਿਆ ਜਾਵੇ।

ਉਹ ਜ਼ਮੀਨ ਪੁੱਟਣ ਲੱਗਾ ਪਰ ਮਿੱਟੀ ਸੁੱਟਣ ਲਈ ਕੋਈ ਥਾਂ ਨਹੀਂ ਸੀ; ਮਾਲਕ ਨੇ ਵੇਖ ਲਿਆ ਤੇ ਮਾਰ ਸੁੱਟਣ ਦੀ ਧਮਕੀ ਦਿੱਤੀ।

ਇੱਕ ਦਿਨ ਉਹ ਖੱਡੇ ਵਿੱਚ ਪੱਬਾਂ ਭਾਰ ਬੈਠਾ ਸੀ ਤੇ ਅਜ਼ਾਦ ਜ਼ਿੰਦਗੀ ਬਾਰੇ ਸੋਚ ਕੇ ਉਦਾਸ ਹੋ ਰਿਹਾ ਸੀ। ਅਚਾਨਕ ਸਿੱਧੀ ਉਸਦੇ ਗੋਡਿਆਂ 'ਤੇ ਇੱਕ ਰੋਟੀ ਆ ਡਿੱਗੀ ਫਿਰ ਦੂਸਰੀ ਤੇ ਚੈਰੀਆਂ ਵੀ ਆ ਡਿੱਗੀਆਂ। ਉਸਨੇ ਉੱਪਰ ਵੇਖਿਆ ਤਾਂ ਉੱਥੇ ਦੀਨਾ ਬੈਠੀ ਸੀ। ਦੀਨਾ ਉਸ ਵੱਲ ਵੇਖ ਕੇ ਹੱਸੀ ਤੇ ਦੌੜ ਗਈ। ਝੀਲਿਨ ਸੋਚਣ ਲੱਗਾ: "ਸ਼ਾਇਦ ਦੀਨਾ ਹੀ ਕੁੱਝ ਮਦਦ ਕਰ ਦਵੇ।

ਪਰ ਅਗਲੇ ਦਿਨ ਦੀਨਾ ਨਾ ਆਈ। ਝੀਲਿਨ ਨੂੰ ਘੋੜਿਆਂ ਦੇ ਪੈਰਾਂ ਦੀ ਅਵਾਜ਼ ਸੁਣੀ। ਕੁੱਝ ਲੋਕ ਲੰਘੇ ਤੇ ਫਿਰ ਤਾਤਾਰ ਮਸਜਿਦ ਕੋਲ਼ ਜਮਾ ਹੋ ਗਏ। ਉਹ ਚੀਖ ਰਹੇ ਸਨ, ਬਹਿਸ ਕਰ ਰਹੇ ਸਨ ਤੇ ਰੂਸੀਆਂ ਦਾ ਜ਼ਿਕਰ ਕਰ ਰਹੇ ਸਨ। ਬੁੱਢੇ ਦੀ ਅਵਾਜ਼ ਵੀ ਝੀਲਿਨ ਨੂੰ ਸੁਣੀ, ਠੀਕ-ਠੀਕ ਤਾਂ ਉਸਦੀ ਸਮਝ ਵਿੱਚ ਨਾਂ ਆਇਆ ਹਾਂ ਬਸ ਇੰਨਾ ਪਤਾ ਲੱਗਾ ਕਿ ਰੂਸੀ ਕਿਤੇ ਕੋਲ਼ ਹੀ ਆ ਗਏ ਹਨ ਤੇ ਤਾਤਾਰਾਂ ਨੂੰ ਡਰ ਹੈ ਕਿ ਕਿਤੇ ਉਹ ਪਿੰਡ ਵਿੱਚ ਨਾ ਆ ਜਾਣ ਤੇ ਉਹ ਇਹ ਫੈਸਲਾ ਨਹੀਂ ਸੀ ਕਰ ਪਾ ਰਹੇ ਕਿ ਕੈਦੀਆਂ ਦਾ ਕੀ ਕੀਤਾ ਜਾਵੇ।

ਸਾਰੇ ਗੱਲਾਂ ਕਰਕੇ ਚਲੇ ਗਏ। ਇੱਕੋ ਦਮ ਝੀਲਿਨ ਨੇ ਸੁਣਿਆ ਕਿ ਉੱਪਰ ਕੁੱਝ ਸਰਸਰਾਹਟ ਹੋਈ ਉਸਨੇ ਵੇਖਿਆ; ਦੀਨਾ ਬੈਠੀ ਸੀ, ਉਸਦੇ ਗੋਡੇ ਸਿਰ ਤੋਂ ਉੱਪਰ ਦਿਸ ਰਹੇ ਸਨ ਤੇ ਅੱਖਾਂ ਤਾਰਿਆਂ ਵਾਂਗ ਚਮਕ ਰਹੀਆਂ ਸਨ। ਉਸਨੇ ਬਾਂਹ ਵਿੱਚੋਂ ਪਨੀਰ ਦੀਆਂ ਦੋ ਟੁਕੜੀਆਂ ਕੱਢੀਆਂ ਤੇ ਸੁੱਟ ਦਿੱਤੀਆਂ। ਝੀਲਿਨ ਨੇ ਲੈ ਲਈਆਂ ਤੇ ਬੋਲਿਆ:

"ਇੰਨੀ ਦੇਰ ਤੱਕ ਆਈ ਕਿਉਂ ਨਹੀਂ ਸੀ ? ਮੈਂ ਤੇਰੇ ਲਈ ਖਿਡੌਣੇ ਬਣਾਏ ਨੇ। ਆਹ ਲੈ।" ਤੇ ਉਹ ਇੱਕ ਇੱਕ ਕਰਕੇ ਉੱਪਰ ਸੁੱਟਣ ਲੱਗਾ।

ਉਹ ਸਿਰ ਹਿਲਾ ਰਹੀ ਸੀ ਤੇ ਉੱਧਰ ਨਹੀਂ ਸੀ ਵੇਖ ਰਹੀ।

"ਰਹਿਣ ਦੇ" ਉਹ ਬੋਲੀ। ਫਿਰ ਚੁੱਪ ਬੈਠੀ ਰਹੀ ਤੇ ਬੋਲੀ:

"ਈਵਾਨ ! ਤੈਨੂੰ ਮਾਰਨਾ ਚਾਹੁੰਦੇ ਨੇ।" ਤੇ ਆਪਣੀ ਗਰਦਨ 'ਤੇ ਹੱਥ ਫੇਰਿਆ।

"ਕੌਣ ਮਾਰਨਾ ਚਾਹੁੰਦਾ ਏ ?"

"ਅੱਬਾ ! ਬੁੱਢਿਆਂ ਨੇ ਉਸਨੂੰ ਕਿਹਾ। ਮੈਨੂੰ ਤੇਰੇ 'ਤੇ ਤਰਸ ਆਉਂਦਾ ਏ।"

ਉਦੋਂ ਝੀਲਿਨ ਨੇ ਕਿਹਾ:

"ਜੇਕਰ ਤੈਨੂੰ ਤਰਸ ਆਉਂਦਾ ਏ ਤਾਂ ਤੂੰ ਮੈਨੂੰ ਬੱਲੀ ਲਿਆ ਦੇ।"

ਉਸਨੇ ਸਿਰ ਹਿਲਾ ਦਿੱਤਾ ਕਿ ਨਹੀਂ ਹੋ ਸਕਦਾ ਤੇ ਹੱਥ ਜੋੜੇ।

"ਦੀਨਾ, ਬੱਚੀ, ਲਿਆ ਦੇ ਨਾ।"

"ਨਹੀਂ ਲਿਆ ਸਕਦੀ। ਵੇਖ ਲੈਣਗੇ, ਸਾਰੇ ਘਰੇ ਹਨ।" ਤੇ ਚਲੀ ਗਈ।

ਸ਼ਾਮ ਪੈ ਗਈ। ਜ਼ੀਲਿਨ ਬੈਠਾ ਸੋਚ ਰਿਹਾ ਸੀ: "ਹੁਣ ਕੀ ਹੋਏਗਾ ?" ਉਹ ਬਾਰ ਬਾਰ ਉੱਪਰ ਵੱਲ ਵੇਖਦਾ। ਤਾਰੇ ਦਿਖ ਰਹੇ ਸਨ ਪਰ ਚੰਨ ਹਾਲੇ ਨਹੀਂ ਸੀ ਨਿਕਲਿਆ। ਮੁੱਲਾ ਨੇ ਅਜ਼ਾਨ ਦਿੱਤੀ। ਚਾਰੇ ਪਾਸੇ ਸੱਨਾਟਾ ਸੀ। ਜ਼ੀਲਿਨ ਨੂੰ ਨੀਂਦ ਆਉਣ ਲੱਗੀ। ਉਹ ਸੋਚ ਰਿਹਾ ਸੀ ਕਿ "ਡਰ ਰਹੀ ਹੋਵੇਗੀ ਉਹ।" ਅਚਾਨਕ ਉਸਦੇ ਸਿਰ 'ਤੇ ਮਿੱਟੀ ਡਿੱਗੀ: ਉੱਪਰ ਵੇਖਿਆ ਤਾਂ ਬੱਲੀ ਖੱਡੇ ਦੇ ਦੂਸਰੇ ਸਿਰੇ 'ਤੇ ਅਟਕ ਰਹੀ ਸੀ: ਤੇ ਫਿਰ ਹੇਠਾਂ ਆਉਣ ਲੱਗੀ। ਜ਼ੀਲਿਨ ਖੁਸ਼ ਹੋ ਗਿਆ, ਉਸਨੇ ਹੱਥ ਵਧਾ ਕੇ ਬੱਲੀ ਨੂੰ ਪਕੜ ਲਿਆ ਤੇ ਹੇਠਾਂ ਲਾਹ ਲਿਆ। ਬੱਲੀ ਮਜ਼ਬੂਤ ਤੇ ਲੰਮੀ ਸੀ। ਉਸਨੇ ਮਾਲਕ ਦੀ ਛੱਤ 'ਤੇ ਪਹਿਲਾਂ ਵੀ ਇਹ ਬੱਲੀ ਵੇਖੀ ਸੀ।

ਉੱਪਰ ਵੇਖਿਆ: ਤਾਰੇ ਹੱਟ ਗਏ ਸਨ; ਤੇ ਬਿਲਕੁਲ ਟੋਏ ਦੇ ਉੱਤੇ ਦੀਨਾ ਦੀਆਂ ਅੱਖਾਂ ਬਿੱਲੀ ਦੀਆਂ ਅੱਖਾਂ ਵਾਂਗ ਚਮਕ ਰਹੀਆਂ ਸਨ। ਉਹ ਟੋਏ ਦੇ ਸਿਰੇ 'ਤੇ ਝੁੱਕ ਗਈ ਤੇ ਹੋਲ਼ੀ ਹੋਲ਼ੀ ਬੋਲੀ:

"ਈਵਾਨ ਈਵਾਨ!" ਤੇ ਆਪ ਮੂੰਹ ਕੋਲ਼ ਹੱਥ ਹਿਲਾਉਂਦੀ ਰਹੀ ਕਿ "ਹੋਲ਼ੀ ਬੋਲ।"

"ਕੀ ?" ਜ਼ੀਲਿਨ ਬੋਲਿਆ।

"ਸਾਰੇ ਚਲੇ ਗਏ ਬਸ ਦੋ ਜਾਣੇ ਹੀ ਘਰੇ ਹਨ।"

ਜ਼ੀਲਿਨ ਬੋਲਿਆ:

"ਚੱਲ ਕਸਤੀਲਿਨ ਚੱਲੀਏ! ਆਖਰੀ ਵਾਰ ਕੋਸ਼ਿਸ਼ ਕਰਦੇ ਹਾਂ। ਮੈਂ ਤੈਨੂੰ ਪਿੱਠ 'ਤੇ ਬਿਠਾ ਲਵਾਂਗਾ।"

ਕਸਤੀਲਿਨ ਕੁੱਝ ਸੁਣਨਾ ਹੀ ਨਹੀਂ ਸੀ ਚਾਹੁੰਦਾ।

"ਨਹੀਂ ਮੇਰੀ ਕਿਸਮਤ ਵਿੱਚ ਇੱਥੋਂ ਬਾਹਰ ਨਿਕਲਣਾ ਨਹੀਂ ਲਿਖਿਆ। ਕਿੱਥੇ ਜਾਵਾਂਗਾ ਮੈਂ ? ਮੇਰੇ ਕੋਲ਼ੋਂ ਤਾਂ ਪਾਸਾ ਵੀ ਨਹੀਂ ਲਿਆ ਜਾਂਦਾ।"

"ਅੱਛਾ ਤਾਂ ਭੁੱਲ-ਚੁੱਕ ਮੁਆਫ਼ ਕਰੀਂ।" ਦੋਵਾਂ ਨੇ ਇੱਕ ਦੂਜੇ ਨੂੰ ਚੁੰਮਿਆ।

ਜ਼ੀਲਿਨ ਨੇ ਬੱਲੀ ਫੜ ਲਈ ਤੇ ਦੀਨਾ ਨੂੰ ਕਿਹਾ ਕਿ ਸੰਭਾਲੀ ਰੱਖੇ ਤੇ ਆਪ ਉੱਪਰ ਚੜ੍ਹਣ ਲੱਗਾ। ਦੋ ਵਾਰੀ ਉਸਦਾ ਹੱਥ ਛੁੱਟਿਆ, ਜ਼ੰਜੀਰ ਤੰਗ ਕਰ ਰਹੀ ਸੀ। ਕਸਤੀਲਿਨ ਨੇ ਉਸਨੂੰ ਸਹਾਰਾ ਦਿੱਤਾ। ਜਿੱਦਾਂ-ਕਿੱਦਾਂ ਉਹ ਉੱਪਰ ਚੜ੍ਹ ਗਿਆ। ਦੀਨਾ ਆਪਣੇ ਪਤਲੇ ਪਤਲੇ ਹੱਥਾਂ ਨਾਲ਼ ਉਸਦੀ ਕਮੀਜ਼ ਪਕੜ ਕੇ ਖਿੱਚ ਰਹੀ ਸੀ ਤੇ ਹੱਸ ਰਹੀ ਸੀ।

ਜ਼ੀਲਿਨ ਨੇ ਬੱਲੀ ਕੱਢੀ ਤੇ ਬੋਲਿਆ:

"ਜਾ ਇਸਨੂੰ ਵਾਪਸ ਰੱਖ ਆ, ਜੇ ਕਿਸੇ ਨੇ ਵੇਖ ਲਿਆ ਕਿ ਬੱਲੀ ਨਹੀਂ ਹੈ ਤਾਂ ਮੈਨੂੰ ਮਾਰ ਸੁੱਟਣਗੇ।"

ਉਹ ਬੱਲੀ ਨੂੰ ਲੈ ਗਈ। ਜ਼ੀਲਿਨ ਪਹਾੜ ਉਤਰਨ ਲੱਗਾ। ਢਲਾਨ ਤੋਂ ਉਤਰ ਕੇ ਇੱਕ ਨੋਕਦਾਰ ਪੱਥਰ ਚੁੱਕਿਆ ਤੇ ਆਪਣੀ ਜ਼ੰਜੀਰ ਦਾ ਤਾਲਾ ਤੋੜਨ ਦਾ ਕੋਸ਼ਿਸ਼ ਕਰਨ ਲੱਗਾ। ਪਹਾੜ ਤੋਂ ਕਿਸੇ ਦੀ ਦੌੜਨ ਤੇ ਹੋਲ਼ੀ ਜਿਹੇ ਕੁੱਦਣ ਦੀ ਅਵਾਜ਼ ਆਈ। ਉਸਨੇ ਸੋਚਿਆ: "ਦੀਨਾ ਹੀ ਹੋਵੇਗੀ।" ਦੀਨਾ ਆਈ ਪੱਥਰ ਚੁੱਕਿਆ ਤੇ ਬੋਲੀ:

"ਲਿਆਓ ਮੈਂ ਕਰਦੀ ਹਾਂ।"

ਉਹ ਗੋਡਿਆਂ ਭਾਰ ਬੈਠ ਕੇ ਤਾਲਾ ਤੋੜਨ ਲੱਗੀ। ਪਰ ਉਸਦੇ ਹੱਥ ਤਾਂ ਛੋਟੇ ਜਿਹੇ ਤੇ ਪਤਲੇ ਜਿਹੇ ਸਨ ਜਿਨ੍ਹਾਂ ਵਿੱਚ ਭੋਰਾ ਵੀ ਜਾਨ ਨਹੀਂ ਸੀ। ਉਸਨੇ ਪੱਥਰ ਸੁੱਟ ਦਿੱਤਾ ਤੇ ਰੋ ਪਈ। ਝੀਲਿਨ ਫਿਰ ਤੋਂ ਤਾਲਾ ਤੋੜਨ ਦੀ ਕੋਸ਼ਿਸ਼ ਕਰਨ ਲੱਗਾ। ਦੀਨਾ ਉਸ ਦੇ ਕੋਲ਼ ਪੰਜਿਆਂ ਭਾਰ ਬੈਠ ਗਈ ਤੇ ਉਸਦਾ ਮੋਢਾ ਪਕੜ ਲਿਆ। ਝੀਲਿਨ ਨੇ ਮੁੜ ਕੇ ਵੇਖਿਆ ਖੱਬੇ ਪਾਸੇ ਪਹਾੜ ਦੇ ਪਿੱਛੇ ਲਾਲੀ ਛਾ ਗਈ ਸੀ, ਚੰਨ ਨਿਕਲ ਰਿਹਾ ਸੀ। ਉਸਨੇ ਸੋਚਿਆ ਕਿ ਚੰਨ ਦੇ ਨਿਕਲਣ ਤੋਂ ਪਹਿਲਾਂ ਉਸਨੂੰ ਤੰਗ ਘਾਟੀ ਪਾਰ ਕਰ ਲੈਣੀ ਚਾਹੀਦੀ ਹੈ ਤੇ ਜੰਗਲ ਤੱਕ ਪਹੁੰਚ ਜਾਣਾ ਚਾਹੀਦਾ ਹੈ।

"ਅੱਛਾ ਦੀਨਾ।" ਝੀਲਿਨ ਬੋਲਿਆ। "ਸਾਰੀ ਉਮਰ ਤੈਨੂੰ ਯਾਦ ਰੱਖਾਂਗਾ।" ਦੀਨਾ ਨੇ ਉਸਨੂੰ ਪਕੜ ਲਿਆ, ਉਹ ਹੱਥਾਂ ਨਾਲ਼ ਉਸਨੂੰ ਟੋਹ ਰਹੀ ਸੀ, ਉਹ ਲੱਭ ਰਹੀ ਸੀ ਕਿ ਰੋਟੀਆਂ ਕਿੱਥੇ ਰੱਖੇ। ਉਸਨੇ ਰੋਟੀਆਂ ਲੈ ਲਿਈਆਂ ਤੇ ਬੋਲਿਆ:

"ਜਿਉਂਦੀ ਰਹਿ ਬੱਚੀ। ਕੌਣ ਤੈਨੂੰ ਹੁਣ ਗੁੱਡੀਆਂ ਬਣਾ ਕੇ ਦਏਗਾ।" ਤੇ ਉਸਦਾ ਸਿਰ ਪਲੋਸਿਆ।

ਦੋਹਾਂ ਦੇ ਹੰਝੂ ਫੁੱਟ ਪਏ; ਉਸਨੇ ਹੱਥਾਂ ਨਾਲ਼ ਮੂੰਹ ਨੂੰ ਢੱਕ ਲਿਆ ਤੇ ਪਹਾੜੀ 'ਤੇ ਦੌੜ ਗਈ। ਉਹ ਬੱਕਰੀ ਵਾਂਗ ਭੁੜਕਦੀ ਜਾ ਰਹੀ ਸੀ। ਹਨ੍ਹੇਰੇ ਵਿੱਚ ਉਸਦੀ ਗੁੱਤ ਵਿੱਚ ਉਲਝ ਰਹੇ ਸਿੱਕਿਆਂ ਦੀ ਖਣਕ ਹੀ ਆ ਰਹੀ ਸੀ।

ਝੀਲਿਨ ਨੇ ਸਲੀਬ ਦਾ ਨਿਸ਼ਾਨ ਬਣਾਇਆ। ਹੱਥ ਨਾਲ਼ ਬੇੜੀ ਦਾ ਤਾਲਾ ਪਕੜਿਆ ਤਾਂ ਜੋ ਉਹ ਅਵਾਜ਼ ਨਾ ਕਰੇ ਤੇ ਆਪਣੇ ਰਾਹ 'ਤੇ ਤੁਰ ਪਿਆ। ਬਹੁਤ ਮੁਸ਼ਕਿਲ ਨਾਲ਼ ਪੈਰ ਘੜੀਸਦਾ ਹੋਇਆ ਝੀਲਿਨ ਉੱਧਰ ਅਸਮਾਨ ਵੱਲ ਵੇਖਦਾ ਜਾ ਰਿਹਾ ਸੀ ਜਿੱਧਰੋਂ ਚੰਨ ਨਿਕਲ ਰਿਹਾ ਸੀ। ਉਸਨੇ ਰਸਤਾ ਪਛਾਣ ਲਿਆ। ਜੇਕਰ ਸਿੱਧੇ ਚੱਲਿਆ ਜਾਵੇ ਤਾਂ ਪੰਜ ਕੁ ਮੀਲ ਦਾ ਰਸਤਾ ਏ। ਹੁਣ ਚੰਨ ਨਿਕਲਣ ਤੋਂ ਪਹਿਲੋਂ ਜੰਗਲ ਪਹੁੰਚ ਜਾਣਾ ਚਾਹੀਦਾ ਏ। ਉਸਨੇ ਨਦੀ ਪਾਰ ਕੀਤੀ, ਪਹਾੜ ਪਿਛਲੀ ਰੌਸ਼ਨੀ ਚਿੱਟੀ ਹੋ ਗਈ, ਅਸਮਾਨ 'ਤੇ ਲੋਅ ਹੋ ਗਈ ਤੇ ਤੰਗ ਘਾਟੀ ਤੋਂ ਇੱਕ ਪਾਸੇ ਵੱਲ ਨੂੰ ਲੋਅ ਵੱਧਦੀ ਹੀ ਜਾ ਰਹੀ ਸੀ। ਛਾਂ ਪਹਾੜੀ ਦੇ ਹੇਠਾਂ ਰੀਂਘ ਰਹੀ ਸੀ ਤੇ ਝੀਲਿਨ ਦੇ ਕੋਲ਼ ਆਉਂਦੀ ਜਾ ਰਹੀ ਸੀ।

ਝੀਲਿਨ ਪਹਾੜ ਦੇ ਛਾਵੇਂ-ਛਾਵੇਂ ਤੁਰਦਾ ਜਾ ਰਿਹਾ ਸੀ। ਉਹ ਛੇਤੀ ਕਰ ਰਿਹਾ ਸੀ ਪਰ ਚੰਨ ਹੋਰ ਵੀ ਤੇਜ਼ੀ ਨਾਲ਼ ਚੜ ਰਿਹਾ ਸੀ ਸੱਜੇ ਪਾਸੇ ਵਾਲ਼ੇ ਦਰਖਤਾਂ ਦੀਆਂ ਟੀਸੀਆਂ 'ਤੇ ਵੀ ਚੰਨ ਦੀ ਰੌਸ਼ਨੀ ਪੈਣ ਲੱਗ ਪਈ। ਜੰਗਲ ਹੁਣ ਕੋਲ਼ ਹੀ ਆ ਚੁੱਕਾ ਸੀ, ਚੰਨ ਵੀ ਪਹਾੜ ਪਿੱਛੋਂ ਦੀ ਨਿਕਲ ਆਇਆ ਸੀ ਚਾਰੇ ਪਾਸੇ ਦਿਨ ਵਰਗੀ ਲੋਅ ਹੋ ਗਈ। ਰੁੱਖਾਂ 'ਤੇ ਇੱਕ ਇੱਕ ਪੱਤਾ ਵੇਖਿਆ ਜਾ ਸਕਦਾ ਸੀ। ਪਹਾੜਾਂ 'ਤੇ ਚਾਨਣੀ ਫੈਲੀ ਹੋਈ ਸੀ, ਸੰਨਾਟਾ ਇੰਝ ਸੀ ਜਿਵੇਂ ਕਿਤੇ ਕੋਈ ਜਾਨ ਨਾ ਹੋਵੇ। ਬਸ ਹੇਠੋਂ ਨਦੀ ਦੀ ਕਲਕਲ ਸੁਣ ਰਹੀ ਸੀ।

ਝੀਨਿਲ ਜੰਗਲ ਵਿੱਚ ਪਹੁੰਚ ਗਿਆ, ਕਿਸੇ ਨਾਲ਼ ਸਾਹਮਣਾ ਨਾਂ ਹੋਇਆ, ਉਸਨੇ ਜੰਗਲ ਵਿੱਚ

ਹਨੇਰੀ ਥਾਂ ਲੱਭੀ ਤੇ ਅਰਾਮ ਕਰਨ ਲਈ ਬੈਠ ਗਿਆ।

ਉਸਨੇ ਅਰਾਮ ਕੀਤਾ, ਰੋਟੀ ਖਾਧੀ ਤੇ ਇੱਕ ਪੱਥਰ ਲੱਭ ਕੇ ਮੁੜ ਜ਼ੰਜੀਰਾਂ ਨੂੰ ਤੋੜਨ ਲੱਗਾ। ਉਸਦੇ ਹੱਥ ਛਿੱਲੇ ਗਏ ਪਰ ਬੇੜੀ ਨਾਂ ਟੁੱਟੀ। ਉਹ ਉਠਿਆ ਤੇ ਆਪਣੇ ਰਾਹ 'ਤੇ ਤੁਰ ਪਿਆ। ਉਹ ਤਿੰਨ ਕੁ ਫਰਲਾਂਗ ਹੀ ਤੁਰਿਆ ਹੋਵੇਗਾ ਕਿ ਉਹ ਨਿਢਾਲ ਹੋ ਗਿਆ। ਉਸਦੀਆਂ ਲੱਤਾਂ ਬੁਰੀ ਤਰ੍ਹਾਂ ਨਾਲ਼ ਦੁਖ ਰਹੀਆਂ ਸਨ। ਉਹ ਦਸ ਕੁ ਪੈਰ ਪੁੱਟਦਾ ਤੇ ਰੁੱਕ ਜਾਂਦਾ। ਸੋਚਦਾ ਜਾਂਦਾ: "ਕੋਈ ਗੱਲ ਨਹੀਂ, ਜਦੋਂ ਤੱਕ ਦਮ ਹੈ ਤੁਰਦਾ ਜਾਊਂਗਾ। ਜੇਕਰ ਬੈਠ ਗਿਆ ਤਾਂ ਉੱਠ ਨਹੀਂ ਸਕਾਂਗਾ। ਕਿਲੇ ਤੱਕ ਤਾਂ ਮੈਂ ਪਹੁੰਚ ਨਹੀਂ ਸਕਾਂਗਾ, ਸੂਰਜ ਨਿਕਲੇ ਸਾਰ ਜੰਗਲ ਵਿੱਚ ਕਿਤੇ ਪੈ ਜਾਵਾਂਗਾ, ਦਿਨ ਕਟ ਲਵਾਂਗਾ ਤੇ ਰਾਤੀਂ ਫਿਰ ਤੁਰ ਪਵਾਂਗਾ।"

ਉਹ ਸਾਰੀ ਰਾਤ ਤੁਰਦਾ ਗਿਆ। ਬਸ ਦੋ ਘੁੜਸਵਾਰ ਤਾਤਾਰ ਹੀ ਰਸਤੇ ਵਿੱਚ ਆਏ ਪਰ ਜ਼ੀਲਿਨ ਨੇ ਦੂਰ ਤੋਂ ਹੀ ਉਹਨਾਂ ਦਾ ਪਤਾ ਲੱਗਾ ਲਿਆ ਸੀ ਤੇ ਝਾੜੀਆਂ ਪਿੱਛੇ ਲੁਕ ਗਿਆ ਸੀ।

ਚੰਨ ਫਿੱਕਾ ਪੈਣ ਲੱਗਿਆ। ਤ੍ਰੇਲ ਡਿੱਗੀ, ਸਵੇਰ ਹੋ ਰਹੀ ਸੀ ਪਰ ਜ਼ੀਲਿਨ ਅਜੇ ਜੰਗਲ ਦੇ ਸਿਰੇ ਤੱਕ ਨਹੀਂ ਸੀ ਪਹੁੰਚਿਆ। ਉਹ ਮਨ ਹੀ ਮਨ ਕਹਿਣ ਲੱਗਾ: "ਬਸ ਤੀਹ ਕਦਮ ਹੋਰ ਤੁਰ ਲਵਾਂ, ਫਿਰ ਜੰਗਲ ਵਿੱਚ ਮੁੜ ਜਾਵਾਂਗਾ ਤੇ ਬੈਠ ਜਾਵਾਂਗਾ।" ਉਹ ਤੀਹ ਕਦਮ ਤੁਰਿਆ ਤੇ ਉਸਨੇ ਵੇਖਿਆ ਕਿ ਜੰਗਲ ਖ਼ਤਮ ਹੋ ਰਿਹਾ ਹੈ। ਉਹ ਜੰਗਲ ਦੇ ਸਿਰੇ 'ਤੇ ਪਹੁੰਚਿਆ, ਬਿਲਕੁਲ ਲੋਅ ਸੀ; ਉਸਦੇ ਸਾਹਮਣੇ ਸਤੇਪੀ ਸੀ ਤੇ ਕਿਲਾ ਜਿਵੇਂ ਹਥੇਲੀ ਤੇ ਰੱਖਿਆ ਹੋਵੇ। ਖੱਬੇ ਪਾਸੇ ਪਹਾੜ ਦੇ ਹੇਠ; ਅੱਗ ਜਲ਼-ਬੁੱਝ ਰਹੀ ਸੀ, ਧੂੰਆ ਫੈਲ ਰਿਹ ਸੀ ਤੇ ਕੋਲ਼ ਲੋਕ ਬੈਠੇ ਸਨ।

ਜ਼ੀਲਿਨ ਨੇ ਗੌਰ ਨਾਲ਼ ਵੇਖਿਆ, ਬੰਦੂਕਾਂ ਚਮਕ ਰਹੀਆਂ ਸਨ ਤੇ ਉਹ ਰੂਸੀ ਸਿਪਾਹੀ ਸਨ।

ਜ਼ੀਲਿਨ ਖੁਸ਼ ਹੋ ਗਿਆ ਤੇ ਆਪਣਾ ਅਖੀਰੀ ਜ਼ੋਰ ਲਾ ਕੇ ਉੱਧਰ ਵੱਲ ਤੁਰ ਪਿਆ। ਉਹ ਮਨ ਹੀ ਮਨ ਸੋਚਦਾ ਜਾਵੇ: ਰੱਬ ਨਾ ਕਰੇ ਇੱਥੇ ਖੁੱਲੇ ਮੈਦਾਨ ਵਿੱਚ ਤਾਤਾਰ ਘੁੜਸਵਾਰ ਵੇਖ ਲਵੇ, ਚਾਹੇ ਆਪਣਿਆਂ ਕੋਲ਼ ਹੀ ਹਾਂ ਪਰ ਬੱਚ ਕੇ ਨਹੀਂ ਨਿਕਲ ਸਕਾਂਗਾ।"

ਸੋਚਣ ਦੀ ਦੇਰ ਸੀ ਕਿ ਖੱਬੇ ਪਾਸੇ ਟੀਲੇ 'ਤੇ ਤਿੰਨ ਤਾਤਾਰ ਖੜੇ ਸਨ। ਕੋਈ ਅੱਠ ਕੁ ਵਿੱਘੇ ਦੂਰ। ਉਹਨਾਂ ਨੇ ਜ਼ੀਲਿਨ ਨੂੰ ਵੇਖ ਲਿਆ ਤੇ ਆਪਣੇ ਘੋੜੇ ਦੁੜਾ ਲਏ। ਜ਼ੀਲਿਨ ਦਾ ਕਲੇਜਾ ਸੁੰਨ ਹੋ ਗਿਆ। ਉਹ ਹੱਥ ਹਿਲਾਉਣ ਲੱਗਾ ਤੇ ਪੂਰੇ ਜ਼ੋਰ ਨਾਲ਼ ਚੀਕਿਆ:

"ਬਚਾਓ! ਭਰਾਵੋਂ ਬਚਾਓ।"

ਰੂਸੀਆਂ ਨੇ ਸੁਣ ਲਿਆ। ਘੁੜਸਵਾਰ ਉਛਲੇ ਤੇ ਉਸ ਵੱਲ ਘੋੜੇ ਦੁੜਾ ਲਏ। ਉਹ ਤਾਤਾਰਾਂ ਦਾ ਰਸਤਾ ਕੱਟਦੇ ਹੋਏ ਆ ਰਹੇ ਸਨ।

ਰੂਸੀ ਦੂਰ ਸਨ ਤੇ ਤਾਤਾਰ ਨੇੜੇ। ਪਰ ਜ਼ੀਲਿਨ ਨੇ ਵੀ ਆਪਣਾ ਪੂਰੀ ਜ਼ੋਰ ਲਗਾਇਆ। ਆਪਣੀਆਂ ਬੇੜੀਆਂ ਨੂੰ ਹੱਥਾਂ ਨਾਲ਼ ਸੰਭਾਲਿਆ ਤੇ ਆਪਣੇ ਲੋਕਾਂ ਵੱਲ ਪੂਰੇ ਜ਼ੋਰ ਨਾਲ਼ ਦੌੜਿਆ। ਉਹ ਸਲੀਬ ਦਾ ਨਿਸ਼ਾਨ ਬਣਾਉਂਦਾ ਜਾਵੇ ਤੇ ਚੀਕਦਾ ਜਾਵੇ,

"ਭਰਾਵੋ! ਭਰਾਵੋ! ਭਰਾਵੋ!"

ਰੂਸੀ ਘੁੜਸਵਾਰ ਲਗਭਗ 15 ਸਨ।

ਤਾਤਾਰ ਡਰ ਗਏ ਤੇ ਅੱਧ ਰਸਤੇ ਵਿੱਚ ਹੀ ਰੁਕਣ ਲੱਗ ਪਏ ਤੇ ਝੀਲਿਨ ਆਪਣੇ ਲੋਕਾਂ ਕੋਲ਼ ਪਹੁੰਚ ਗਿਆ।

ਉਹਨਾਂ ਨੇ ਉਸਨੂੰ ਘੇਰ ਲਿਆ ਤੇ ਪੁੱਛਣ ਲੱਗੇ: ਕੌਣ ਹੈ? ਕਿੱਥੋਂ ਆਇਆ ਏਂ? ਪਰ ਝੀਲਿਨ ਨੂੰ ਆਪਣੀ ਹੋਸ਼ ਨਹੀਂ ਸੀ। ਉਹ ਬੱਸ ਰੋਂਦਾ ਜਾਵੇ ਤੇ ਕਹਿੰਦਾ ਜਾਵੇ:

"ਭਰਾਵੋ! ਭਰਾਵੋ!"

ਦੂਜੇ ਸਿਪਾਹੀ ਵੀ ਦੌੜ ਆਏ ਤੇ ਝੀਲਿਨ ਨੂੰ ਘੇਰ ਲਿਆ। ਕੋਈ ਉਸਨੂੰ ਰੋਟੀ ਦਵੇ, ਕੋਈ ਖਿਚੜੀ ਤੇ ਕੋਈ ਵੋਦਕਾ; ਕੋਈ ਓਵਰਕੋਟ ਪਵਾਉਣ ਲੱਗਾ ਤੇ ਕੋਈ ਬੇੜੀਆਂ ਤੋੜਨ ਲੱਗਾ।

ਅਫਸਰਾਂ ਨੇ ਉਸਨੂੰ ਪਹਿਚਾਣ ਲਿਆ ਤੇ ਉਸਨੂੰ ਕਿਲੇ ਵਿੱਚ ਲੈ ਗਏ। ਝੀਲਿਨ ਦੇ ਸਿਪਾਹੀ ਖੁਸ਼ ਹੋ ਗਏ। ਉਸਦੇ ਸਾਥੀ ਜਮਾ ਹੋ ਗਏ।

ਝੀਲਿਨ ਨੇ ਸਾਰੀ ਆਪ ਬੀਤੀ ਸੁਣਾਈ ਤੇ ਬੋਲਿਆ: "ਲਓ, ਹੋ ਆਇਆ ਮੈਂ ਘਰ, ਕਰ ਆਇਆ ਵਿਆਹ, ਨਹੀਂ ਕਿਸਮਤ ਵਿੱਚ ਨਹੀਂ ਲਿਖਿਆ।"

ਅਤੇ ਉਹ ਉੱਥੇ ਕੋਹਕਾਫ ਵਿੱਚ ਹੀ ਅਫਸਰੀ ਕਰਨ ਲਈ ਰਹਿ ਗਿਆ। ਕਸਤੀਲਿਨ ਨੂੰ ਮਹੀਨੇ ਪਿੱਛੋਂ 5000 ਰੂਬਲ ਆਉਣ 'ਤੇ ਛੱਡ ਦਿੱਤਾ ਗਿਆ। ਉਸਨੂੰ ਬਿਲਕੁਲ ਅੱਧਮਰੇ ਨੂੰ ਕਿਲੇ ਵਿੱਚ ਲਿਆਂਦਾ ਗਿਆ।



# ਕੁੱਝ ਹੋਰ ਬਾਲ ਪੁਸਤਕਾਂ

| | | |
|---|---|---|
| 1. ਵਾਂਕਾ | (ਐਂਤੋਨ ਚੇਖ਼ਵ) | 15.00 ਰੁਪਏ |
| 2. ਕਿਸਮਤ ਆਪੋ-ਆਪਣੀ | (ਜੈਨੇਂਦਰ) | 20.00 ਰੁਪਏ |
| 3. ਅਜੀਬੋ ਗਰੀਬ ਕਿੱਸੇ | (ਹੋਲਗਰ ਪੁੱਕ) | 20.00 ਰੁਪਏ |
| 4. ਛੱਤ 'ਤੇ ਫਸ ਗਿਆ ਬਿੱਲਾ | (ਵਿਤਾਉਤੇ ਜਿਲਿੰਸਕਾਈਤ) | 20.00 ਰੁਪਏ |
| 5. ਦੋ ਹਿੰਮਤੀ ਕਹਾਣੀਆਂ | (ਹੋਲਗਰ ਪੁੱਕ) | 20.00 ਰੁਪਏ |
| 6. ਅਸੀਂ ਸੂਰਜ ਨੂੰ ਵੇਖ ਸਕਦੇ ਹਾਂ | (ਮਿਕੋਲ ਗਿੱਲ) | 10.00 ਰੁਪਏ |
| 7. ਸਦਾਨੰਦ ਦੀ ਛੋਟੀ ਦੁਨੀਆਂ | (ਸੱਤਿਆਜੀਤ ਰਾਏ) | 20.00 ਰੁਪਏ |
| 8. ਬਾਜ਼ ਦਾ ਗੀਤ | (ਮੈਕਸਿਮ ਗੋਰਕੀ) | 20.00 ਰੁਪਏ |
| 9. ਬੱਸ ਇੱਕ ਯਾਦ | (ਲਿਓਨਿਦ ਆਂਦਰੇਯੇਵ) | 10.00 ਰੁਪਏ |
| 10. ਦਾਦਾ ਅਰਖ਼ੀਪ ਤੇ ਲਿਓਨਕਾ | (ਮੈਕਸਿਮ ਗੋਰਕੀ) | 20.00 ਰੁਪਏ |
| 11. ਦਾਨਕੋ ਦਾ ਬਲ਼ਦਾ ਹੋਇਆ | (ਮੈਕਸਿਮ ਗੋਰਕੀ) | 10.00 ਰੁਪਏ |
| 12. ਘਰ ਦੀ ਲਲਕ | (ਨਿਕੋਲਾਈ ਤੇਲੇਸ਼ੋਵ) | 20.00 ਰੁਪਏ |
| 13. ਗੁੱਲੀ-ਡੰਡਾ | (ਮੁਨਸ਼ੀ ਪ੍ਰੇਮਚੰਦ) | 20.00 ਰੁਪਏ |
| 14. ਹਾਰ ਦੀ ਜਿੱਤ | (ਦਰਸ਼ਨ) | 10.00 ਰੁਪਏ |
| 15. ਹਰਾਮੀ | (ਮਿਖ਼ਾਇਲ ਸ਼ੋਲੋਖ਼ੋਵ) | 40.00 ਰੁਪਏ |
| 16. ਕਾਬੁਲੀਵਾਲ਼ਾ | (ਰਵਿੰਦਰਨਾਥ ਟੈਗੋਰ) | 10.00 ਰੁਪਏ |